शिवाग्न्यादिसमुत्पन्नं मन्त्रन्यासादियोगतः।

तदुपाधिकमित्याहुर्भस्म तन्त्रविशारदाः।।३।।

3. ਜੋ ਪ੍ਰਾਣੀ ਮੰਤਰਾਂ ਨਾਲ ਸਾਧੀ ਅਗਨੀ, ਜੋ ਕਿ ਮੰਤਰਾਨਿਆਸਾ ਆਦਿ ਨਾਲ ਸਾਜੀ ਹੁੰਦੀ ਹੈ, ਵਿੱਚੋਂ ਉਪਜਦੇ ਹਨ, ਨੂੰ ਵਿਦਵਾਨਾਂ ਦੁਆਰਾ ਭਸਮ ਨੂੰ ਤਿਆਰ ਕਰਨ ਵਾਲੀ ਕਲਾ ਕਰਕੇ (ਜਾਂ ਭਸਮ ਨਾਲ ਸਬੰਧਤ ਸ਼ਾਸ਼ਤਰਾਂ ਕਰਕੇ) 'ਸੋਪਾਧਿਕਾਭਸਮ' ਆਖਦੇ ਹਨ।

विभूतिर्भसितं भस्म क्षारं रक्षेति भस्मनः।

एतानि पञ्च नामानि हेतुभिः पञ्चभिर्भृशम्।।४।।

4. ਆਮ ਤੌਰ ਤੇ ਭਸਮ ਦੇ ਪੰਜ ਕਾਰਣਾ ਕਰਕੇ ਇਹ ਪੰਜ ਨਾਮ ਹਨ - ਵਿਭੂਤੀ, ਭਸੀਤਾ, ਭਸਮ, ਕਸਾਰਾ, ਰਕਸ਼ਾ ਆਦਿ।

विभूतिर्भूतिहेतुत्वाद् भसितं तत्त्वभासनात्।

पापानां भर्त्सनाद्भस्म क्षरणात् क्षारमापदाम्।।५।।

5. ਇਸ ਨੂੰ ਵਿਭੂਤੀ ਕਿਹਾ ਜਾਂਦਾ ਹੈ ਕਿਉਂਕਿ ਇਹ ਖੁਸ਼ਹਾਲ ਬਣਨ ਦਾ ਕਾਰਨ ਹੈ, ਇਸ ਨੂੰ ਭਸੀਤਾ ਕਿਹਾ ਜਾਂਦਾ ਹੈ ਕਿਉਂਕਿ ਇਹ ਆਤਮਿਕ ਸੱਚਾਈ ਨੂੰ ਸਾਹਮਣੇ ਲਿਆਉਂਦੀ ਹੈ, ਇਸ ਨੂੰ ਭਸਮ ਕਿਹਾ ਜਾਂਦਾ ਹੈ ਕਿਉਂਕ ਇਹ ਪਾਪਾਂ ਨੂੰ ਭਸਮ ਕਰਦੀ ਜਾਂ ਭਜਾਉਂਦੀ ਹੈ, ਇਸਨੂੰ ਕਸਾਰਾ ਕਿਹਾ ਜਾਂਦਾ ਹੈ ਕਿਉਂਕਿ ਇਹ ਸਾਰੇ ਸੰਕਟਾਂ ਤੋਂ ਬਚਾਉਂਦੀ ਹੈ, ਇਸਨੂੰ ਰਕਸ਼ਾ ਕਿਹਾ ਜਾਂਦਾ ਹੈ ਕਿਉਂਕਿ ਇਹ ਸਾਰੀਆਂ ਬੁਰੀਆਂ ਚੀਜਾਂ(ਆਤਮਾਵਾਂ ਅਦਿ) ਤੋਂ ਰੱਖਿਆ ਕਰਦੀ ਹੈ।

रक्षणात् सर्वभूतेभ्यो रक्षेति परिगीयते।

नन्दा भद्रा च सुरभिः सुशीला सुमनास्तथा।।६।।

6. ਨੰਦਾ, ਭਦਰਾ, ਸੁਰਭੀ, ਸੁਸ਼ੀਲਾ ਅਤੇ ਸੁਮਨ - ਇਹ ਉਹ ਪੰਜ ਗਾਵਾਂ ਹਨ ਜੋ ਦੇਵਤਿਆਂ ਦੇ ਸਿਰਾਂ ਸਦਿਉਜਾਤਾ ਆਦਿ ਤੋਂ ਉਪਜੀਆਂ ਹਨ।

पञ्च गावो विभोर्जाताः सद्योजातादिवक्त्रतः।

कपिला कृष्णा च धवला धूम्रा रक्ता तथैव च।।७।।

7. ਤਾਜ, ਕਾਲ, ਸਫੇਦ, ਸਲੇਟੀ, ਅਤੇ ਲਾਲ ਗਾਵਾਂ, ਨੰਦੀਆਂ ਦੇ ਰੰਗ ਹਨ।

नन्दादीनां गवां वर्णाः क्रमेण परिकीर्तिताः।

सद्योजाताद्विभूतिश्च वामाद्भसितमेव च।।८।।

8. ਵਿਭੂਤੀ ਸਦਿਉਜਾਤਾ ਤੋਂ ਜਨਮੀ ਹੈ, ਭਸੀਤਾ ਵਾਮਦੇਵ ਤੋਂ, ਭਸਮ ਅਗਹੋਰਾ ਤੋਂ, ਕਸਾਰਾ ਤਾਤਪੁਰਸ਼ ਤੋਂ,

अघोरात् भस्म सञ्जातं तत्पुरुषात् क्षारनाम च।

रक्षा चेशानवक्त्राच्च नन्दादिद्वारतोऽभवत्।।९।।

9. ਰਕਸ਼ਾ ਇਸ਼ਾਨ ਦੇ ਮੂੰਹ ਤੋਂ ਨੰਦਾ ਰਾਹੀਂ ਉਪਜੀ ਹੈ।

धारयेन्नित्यकार्येषु विभूतिं च प्रयत्नतः।

नैमित्तिकेषु भसितं क्षारं काम्येषु सर्वदा।।१०।।

10. ਵਿਭੂਤੀ ਰੋਜ਼-ਮੱਰਾ ਦੀਆਂ ਰਸਮਾਂ ਵਿੱਚ ਲਗਾਉਣੀ ਚਾਹੀਦੀ ਹੈ, ਭਸੀਤਾ ਕਦੇ ਕਦੇ ਵਾਲੀਆਂ ਰਸਮਾਂ ਵਿੱਚ, ਕਸਾਰਾ ਉਹਨਾਂ ਰਸਮਾਂ ਵਿੱਚ ਜੋ ਕਿਸੇ ਲੋੜ(ਕਾਮ) ਦੀ ਪੂਰਤੀ ਲਈ ਕੀਤੀਆਂ ਜਾਂਦੀਆਂ ਹਨ,

प्रायश्चित्तेषु सर्वेषु भस्मनाम यथाविधि।

रक्षा च मोक्षकार्येषु प्रयोक्तव्या सदा बुधैः।।११।।

11. ਭਸਮ ਵਿਧੀ ਅਨੁਸਾਰ ਕਿਸੇ ਨੂੰ ਖੁਸ਼ ਕਰਨ ਵਾਲੀਆਂ ਰਸਮਾਂ ਵਿੱਚ, ਅਤੇ ਰਕਸ਼ਾ ਸਿਆਣਿਆਂ ਦੁਆਰਾ ਮੁਕਤੀ ਨਾਲ ਸਬੰਧਤ ਰਸਮਾਂ ਵਿੱਚ ਲਗਾਉਣੀ ਚਾਹੀਦੀ ਹੈ।

नन्दादीनां तु ये वर्णाः कपिलाद्याः प्रकीर्तिताः।

त एव वर्णा विख्याता भूत्यादीनां यथाक्रमम्।।१२।।

12. ਸ਼ਾਰੇ ਰੰਗ ਜਿਵੇਂ ਕਿ ਟਾਨੀ, ਜੋ 'ਨੰਦਾ' ਨਾਲ ਸਬੰਧਤ ਹਨ, ਵਿਭੂਤੀ ਦੇ ਸੰਦਰਭ ਵਿੱਚ ਮਸ਼ਹੂਰ ਹਨ।

भस्मोत्पादनमुद्दिष्टं चतुर्धा तन्त्रवेदिभिः।

कल्पं चैवानुकल्पं च तूपकल्पमकल्पकम्।।१३।।

13. ਸ਼ੈਵਾਗਮਾਂ ਵਿੱਚ ਵਿਦਵਾਨਾਂ ਨੇ ਭਸਮ ਦੀ ਸਿਰਜਣਾ ਦੀਆਂ ਚਾਰ ਪਰਤਾਂ ਦੱਸੀਆਂ ਹਨ - ਕਲਪ, ਅਨੁਕਲਪ, ਉਪਕਲਪ ਅਤੇ ਅਕਲਪ। ਇਹਨਾਂ ਵਿੱਚੋਂ ਪਹਿਲੀ(ਕਲਪ)

ਸਭ ਤੋਂ ਉੱਤਮ ਹੈ, ਜਦੋਂ ਇਹ ਸੁਲਭ ਨਾ ਹੋਵੇ ਤਾਂ ਬਾਕੀਆਂ ਨੂੰ ਇਸਤੇਮਾਲ ਕੀਤਾ ਜਾ ਸਕਦਾ ਹੈ।

एषामादिममुत्कृष्टमन्यत् सर्वमभावतः।

यथाशास्त्रोक्तविधिना गृहीत्वा गोमयं नवम्।।१४।।

14. ਸ਼ਾਸ਼ਤਰਾਂ ਵਿੱਚ ਦੱਸੀ ਹੋਈ ਵਿਧੀ ਅਨੁਸਾਰ ਸਾਨੂੰ ਗਊ ਦਾ ਤਾਜਾ ਗੋਬਰ ਸਦਿਓਜਤਾ ਦਾ ਮੰਤਰ ਉਚਾਰਦੇ ਹੋਏ ਲੈਣਾ ਚਾਹੀਦਾ ਹੈ ਅਤੇ ਵਾਮਦੇਵ ਮੰਤਰ ਉਚਾਰਦੇ ਹੋਏ ਇਸ ਦੀ ਇੱਕ ਗੋਲਾ(ਪਾਥੀ) ਬਣਾ ਲੈਣੀ ਚਾਹੀਦੀ ਹੈ।

सद्येन वामदेवेन कुर्यात्पिण्डमनुत्तमम्।

शोषयेत्पुरुषेणैव दहेद् घोराच्छिवाग्निना।।१५।।

15. ਫਿਰ ਇਸ ਨੂੰ ਤਾਤਪੁਰਸ਼ ਮੰਤਰ ਜਪਦੇ ਹੋਏ ਸੁਕਾਉਣਾ ਚਾਹੀਦਾ ਹੈ ਅਤੇ ਇਸ ਨੂੰ ਅਗਹੋਰਮੰਤਰ ਉਚਾਰਦੇ ਹੋਏ ਸ਼ਿਵਾਅਗਨੀ ਵਿੱਚ ਪਕਾਉਣਾ ਚਾਹੀਦਾ ਹੈ।

कल्पं तद्भस्म विज्ञेयमनुकल्पमथोच्यते।

वनेषु गोमयं यच्च शुष्कं चूर्णीकृतं तथा।।१६।।

16. ਇਸ ਭਸਮ ਨੂੰ ਕਲਪ ਕਹਿੰਦੇ ਹਨ,

दग्धं चैवानुकल्पाख्यमापणादिगतं तु यत्।

वस्त्रेणोत्तारितं भस्म गोमूत्राबद्धपिण्डितम्।।१७।।

17. ਹੁਣ ਅਸੀਂ ਅਨੁਕਲਪ ਬਾਰੇ ਦੱਸਦੇ ਹਾਂ, ਜੰਗਲਾਂ ਵਿੱਚ ਗਊ ਦਾ ਜੋ ਸੁੱਕਾ ਗੋਬਰ ਮਿਲਦਾ ਹੈ, ਇਸ ਦਾ ਪਾਊਡਰ ਬਣਾ ਕੇ ਅਤੇ ਉਸ ਨੂੰ ਜਲਾ ਕੇ ਜੋ ਭਸਮ ਬਣਦੀ ਹੈ ਉਸਨੂੰ ਅਨੁਕਲਪ ਕਹਿੰਦੇ ਹਨ।

दग्धं प्रागुक्तविधिना भवेद्भस्मोपकल्पकम्।

अन्यैरापादितं भस्माप्यकल्पमिति निश्चितम्।।१८।।

18. ਉਹ ਭਸਮ ਜੋ ਦੁਕਾਨਾ ਤੇ ਮਿਲਦੀ ਹੈ, ਜੋ ਕੱਪੜੇ ਨਾਲ ਛਾਣੀ ਹੁੰਦੀ ਹੈ, ਜਿਸ ਦੇ ਗਊਮੂਤਰ ਨਾਲ ਗੋਲੇ ਬਣਾਏ ਹੁੰਦੇ ਹਨ ਅਤੇ ਜਿਸ ਨੂੰ ਉੱਪਰ ਦੱਸੀ ਵਿਧੀ ਨਾਲ ਜਲਾਇਆ ਜਾਂਦਾ ਹੈ ਉਸ ਨੂੰ ਉਪਕਲਪ ਕਹਿੰਦੇ ਹਨ। ਉਹ ਭਸਮ ਜੋ ਹੋਰਾਂ ਦੁਆਰਾ ਤਿਆਰ ਕੀਤੀ ਜਾਂਦੀ ਹੈ ਨੂੰ ਅਕਲਪ ਕਹਿੰਦੇ ਹਨ।

एष्वेकतममादाय पात्रेषु कलशादिषु।

त्रिसन्ध्यमाचरेत् स्नानं यथासम्भवमेव वा।।१९।।

19. ਇਹਨਾਂ ਭਸਮਾਂ(ਚਾਰ ਤਰ੍ਹਾਂ ਦੀਆਂ ਭਸਮਾਂ) ਵਿੱਚੋਂ ਇੱਕ ਘੜੇ ਜਾਂ ਕਿਸੇ ਭਾਂਡੇ ਵਿੱਚ ਇਕੱਠਾ ਕੀਤਾ ਜਾਂਦਾ ਹੈ, ਭਗਤ ਨੇ ਇਸ ਵਿੱਚ ਲਿੱਬੜ ਕੇ ਸਵੇਰੇ, ਦੁਪਿਹਰੇ ਅਤੇ ਸ਼ਾਮ(ਤਿੰਨ ਸੰਧਿਆ) ਨੂੰ ਤਿੰਨ ਵਾਰ ਇਸ਼ਨਾਨ ਕਰਨਾ ਹੁੰਦਾ ਹੈ, ਜ ਾਂਇੱਕ ਵਾਰ ਜਦੋਂ ਵੀ ਸੰਭਵ ਹੋਵੇ।

स्नानकाले करौ पादौ प्रक्षाल्य विमलाम्भसा।

वामहस्ततले भस्म क्षिप्त्वाच्छाद्यान्यपाणिना।।२०।।

20. ਭਸਮ ਨਾਲ ਇਸ਼ਨਾਨ ਕਰਨ ਵੇਲੇ ਭਗਤ ਨੂੰ ਆਪਣੇ ਹੱਥ-ਪੈਰ ਸ਼ੁੱਧ ਪਾਣੀ ਨਾਲ ਧੋਣੇ ਚਾਹੀਦੇ ਹਨ। ਉਸ ਨੇ ਆਪਣੀ ਖੱਬੀ ਹਥੇਲੀ ਤੇ ਭਸਮ ਲੈਣੀ ਹੁੰਦੀ ਹੈ ਅਤੇ ਉਸ ਨੂੰ ਦੂਸਰੀ ਹਥੇਲੀ ਨਾਲ ਢਕਣਾ ਹੁੰਦਾ ਹੈ,

अष्टकृत्वोऽथ मूलेन मौनी भस्माभिमन्त्र्य च।

शिर ईशानमन्त्रेण पुरुषेण मुखं तथा।।२१।।

21. ਫਿਰ ਉਸ ਨੂੰ ਚੁੱਪਚਾਪ ਅੱਠ ਵਾਰ ਮਨ ਵਿੱਚ ਮੂਲਮੰਤਰ ਦਾ ਜਾਪ ਕਰਕੇ ਭਸਮ ਅਰਪਿਤ ਕਰਨੀ ਹੁੰਦੀ ਹੈ।

हृत्प्रदेशमघोरेण वामदेवेन गुह्यकम्।

पादौ सद्येन सर्वाङ्गं प्रणवेनैव सेचयेत्।।२२।।

22. ਇਸ ਤੋਂ ਬਾਅਦ ਉਸ ਨੇ ਇਸ ਭਸਮ ਨੂੰ ਇਸ਼ਾਨਾਮੰਤਰ ਜਪਦੇ ਹੋਏ ਸਿਰ ਤੇ, ਤਾਤਪੁਰਸ਼ਮੰਤਰ ਜਪਦੇ ਹੋਏ ਚਿਹਰੇ ਤੇ, ਅਗਹੋਰਾਮੰਤਰ ਜਪਦੇ ਹੋਏ ਛਾਤੀ ਤੇ, ਵਾਮਦੇਵਮੰਤਰ ਜਪਦੇ ਹੋਏ ਗੁਪਤ ਅੰਗਾਂ ਤੇ, ਸਦਿਉਜਾਤਾਮੰਤਰ ਜਪਦੇ ਹੋਏ ਪੈਰਾਂ ਤੇ ਅਤੇ ਓਂਕਾਰ ਜਪਦੇ ਹੋਏ ਬਾਕੀ ਸਾਰੇ ਅੰਗਾਂ ਤੇ ਲਗਾਉਣਾ ਹੁੰਦਾ ਹੈ।

भस्मना विहितं स्नानमिदमाग्नेयमुत्तमम्।

स्नानेषु वारुणाद्येषु मुख्यमेतन्मलापहम्।।२३।।

23. ਭਸਮ ਨਾਲ ਇਸ਼ਨਾਨ ਕਰਨ ਨੂੰ ਅਗੇਨਿਆ ਕਿਹਾ ਜਾਂਦਾ ਹੈ, ਅਤੇ ਇਹ ਸਭ ਇਸ਼ਨਾਨਾਂ ਵਰੁਣ ਆਦਿ ਨਾਲੋਂ ਉੱਤਮ ਹੈ। ਇਹ ਸਰਵਉੱਤਮ ਹੈ ਕਿਉਂਕਿ ਇਹ ਸਾਰੀਆਂ ਅਸ਼ੁੱਧੀਆਂ ਦੂਰ ਕਰਦਾ ਹੈ।

भस्मस्नानवतां पुंसां यथायोगं दिने दिने।

वारुणाद्यैरलं स्नानैर्बाह्यदोषापहारिभिः।।२४।।

24. ਸ਼ਾਸ਼ਤਰਾਂ ਦੇ ਅਨੁਸਾਰ ਜੋ ਇਨਸਾਨ ਹਰ ਰੋਜ ਭਸਮ ਨਾਲ ਇਸ਼ਨਾਨ ਕਰਦੇ ਹਨ ਉਹਨਾਂ ਇਨਸਾਨਾਂ ਨਾਲੋਂ ਉਤਮ ਹਨ ਜੋ ਪਾਣੀ ਨਾਲ ਇਸ਼ਨਾਨ ਕਰਦੇ ਹਨ ਕਿਉਂਕਿ ਪਾਣੀ ਸਿਰਫ ਬਾਹਰਲੀਆਂ ਅਸ਼ੁੱਧੀਆਂ ਹੀ ਦੂਰ ਕਰਦਾ ਹੈ।

आग्नेयं भस्मना स्नानं यतिभिस्तु विधीयते।

आर्द्रस्नानात्परं भस्म आर्द्रे जन्तुवधो ध्रुवम्।।२५।।

25. ਸੰਨਿਆਸੀਆਂ ਦੁਆਰਾ ਭਸਮ ਨਾਲ ਇਸ਼ਨਾਨ ਕਰਨ ਨੂੰ ਅਗਨਿਆਂ ਸਨਾਨਾਂ ਕਿਹਾ ਗਿਆ ਹੈ, ਪਾਣੀ ਨਾਲ ਨਹਾਉਣ ਨਾਲੋਂ ਭਸਮ ਨਾਲ ਨਹਾਉਣ ਨੂੰ ਉੱਤਮ ਮੰਨਿਆਂ ਗਿਆ ਹੈ। ਪਾਣੀ ਨਾਲ ਨਹਾਉਣ ਨਾਲ ਇਨਸਾਨ ਦਾ ਮਰਨਾ ਨਿਸਚਿਤ ਹੈ।

आर्द्रं तु प्रकृतिं विन्द्यात् प्रकृतिं बन्धनं विदुः।

प्रकृतेस्तु प्रहाणार्थं भस्मना स्नानमिष्यते।।२६।।

26. ਪਾਣੀ ਨੂੰ ਪ੍ਰਕਿਰਤੀ ਦੇ ਤੌਰ ਤੇ ਮੰਨਿਆਂ ਜਾਂਦਾ ਹੈ ਅਤੇ ਪ੍ਰਕਿਰਤੀ ਦਾ ਮਤਲਬ ਹੈ ਬੰਨ੍ਹਣ ਜਾਂ ਬੰਧੇਜ। ਬੰਧੇਜ ਜਾਂ ਪ੍ਰਕਿਰਤੀ ਤੋਂ ਛੁਟਕਾਰਾ ਪਾਉਣ ਲਈ ਭਸਮ ਨਾਲ ਨਹਾਉਣ ਦੀ ਤਜਵੀਜ਼ ਦਿੱਤੀ ਜਾਂਦੀ ਹੈ।

ब्रह्माद्या विबुधाः सर्वे मुनयो नारदादयः।

योगिनः सनकाद्याश्च बाणाद्या दानवा अपि।।२७।।

27. ਸਾਰੇ ਦੇਵਤਾ ਜਿਵੇਂ ਬ੍ਰਹਮਾਂ ਆਦਿ, ਰਿਸ਼ੀ, ਨਾਰਦ, ਯੋਗਿਨ, ਸਨਾਕਾ, ਰਾਕਸ਼ਸ਼, ਬਨ ਆਦਿ ਜਿਨ੍ਹਾਂ ਸਾਰਿਆਂ ਨੇ ਭਸਮਸਨਾਨ ਕੀਤਾ ਹੋਇਆ ਹੈ,

भस्मस्नानयुताः सर्वे शिवभक्तिपरायणाः।

निर्मुक्तदोषकलिला नित्यशुद्धा भवन्ति हि।।२८।।

28. ਉਹ ਸ਼ਿਵਾ ਦੀ ਭਗਤੀ ਵਿੱਚ ਲੀਨ ਹੋ ਜਾਂਦੇ ਹਨ ਅਤੇ ਸਾਰੇ ਤਰ੍ਹਾਂ ਦੇ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ ਅਤੇ ਹਮੇਸ਼ਾ ਲਈ ਸ਼ੁੱਧ(ਪਵਿੱਤਰ) ਹੋ ਜਾਂਦੇ ਹਨ।

नमः शिवायेति भस्म कृत्वा सप्ताभिमन्त्रितम्।

उद्धूलयेत् तेन देहं त्रिपुण्ड्रं चापि धारयेत्।।२९।।

29. 'ਨਮਹ ਸ਼ਿਵਾਏ' ਦਾ ਜਾਪ ਕਰ ਕੇ ਸੱਤ ਵਾਰੀ ਭਸਮ ਅਰਪਿਤ ਕਰਨ ਤੇ ਇੱਕ ਭਗਤ ਨੂੰ ਆਪਣੇ ਸ਼ਰੀਰ ਤੇ ਭਸਮ ਛਿੜਕਣੀ ਚਾਹੀਦੀ ਹੈ ਅਤੇ ਤ੍ਰਿਪੁੰਦਰਾ ਵੀ ਲਗਾਉਣੀ ਚਾਹੀਦੀ ਹੈ।

सर्वाङ्गोद्धूलनं चापि न समानं त्रिपुण्ड्रकैः।

तस्मात् त्रिपुण्ड्रमेवैकं लिखेदुद्धूलनं विना।।३०।।

30. ਸ਼ਾਰੇ ਸ਼ਰੀਰ ਤੇ 'ਉਧੂਲਾਣਾ' ਤ੍ਰਿਪੁੰਦਰਾ ਦੇ ਬਰਾਬਰ ਨਹੀਂ ਹੁੰਦਾ ਹੈ, ਇਸ ਲਈ ਬਿਨਾਂ 'ਉਧੂਲਾਣਾ' ਤੋਂ ਤ੍ਰਿਪੁੰਦਰਾ ਲਗਾਉਣੀ ਚਾਹੀਂਦੀ ਹੈ।

त्रिपुण्ड्रं धारयेन्नित्यं भस्मना सलिलेन च।

स्थानेषु पञ्चदशसु शरीरे साधकोत्तमः।।३१।।

31. 'ਮੋਕਸ਼' ਦੇ ਚਾਹਵਾਨ ਨੂੰ ਤ੍ਰਿਪੁੰਦਰਾ ਦੇ ਨਾਲ ਭਸਮ ਮਿਲਾ ਕੇ ਪਾਣੀ ਨਾਲ ਸ਼ਰੀਰ ਤੇ ਪੰਦਰਾਂ(15) ਜਗ੍ਹਾ ਤੇ ਲਗਾਉਣੀ ਚਾਹੀਂਦੀ ਹੈ।

उत्तमाङ्गे ललाटे च श्रवणद्वितये तथा।

गले भुजद्वये चैव हृदि नाभौ च पृष्ठके।।३२।।

32. ਮੋਕਸ਼ ਦੇ ਚਾਹਵਾਨ ਭਗਤਾਂ ਨੂੰ 'ਮੂਲਮੰਤਰ' ਦਾ ਜਾਪ ਕਰਦੇ ਹੋਏ ਤ੍ਰਿਪੁੰਦਰਾ ਅਤੇ ਭਸਮ

बाहुयुग्मे ककुद्देशे मणिबन्धद्वये तथा।

त्रिपुण्ड्रं भस्मना धार्यं मूलमन्त्रेण साधकैः।।३३।।

33. ਸਿਰ, ਮੱਥੇ, ਦੋਵੇਂ ਕੰਨਾਂ, ਗਰਦਣ, ਦੋਵੇਂ ਮੋਢਿਆਂ, ਛਾਤੀ, ਧੁੰਨੀ, ਪਿੱਠ, ਦੋਵੇਂ ਬਾਹਵਾਂ, ਪਿਛਲੇ ਪਾਸੇ ਅਤੇ ਦੋਵੇਂ ਕੂਹਣੀਆਂ ਤੇ ਲਗਾਉਣੀ ਚਾਹੀਂਦੀ ਹੈ।

वामहस्ततले भस्म क्षिप्त्वाच्छाद्यान्यपाणिना।

अग्निरित्यादिमन्त्रेण स्पृशन् वाराभिमन्त्र्य च।।३४।।

34. ਖੱਬੀ ਹਥੇਲੀ ਉੱਤੇ ਭਸਮ ਧਰ ਕੇ ਇਸ ਨੂੰ ਦੂਸਰੀ ਹਥੇਲੀ ਨਾਲ ਢਕ ਲਉ, ਇਸ ਵਿੱਚ ਥੋੜ੍ਹਾ ਪਾਣੀ ਮਿਲਾਉ, ਅਤੇ ਇਸ ਨੂੰ 'ਅਗਨੀਰੀਤੀ ਭਸਮ' ਮੰਤਰ ਦੇ ਜਾਪ ਨਾਲ ਪਵਿੱਤਰ ਕਰ ਕੇ ਭਗਤ ਨੂੰ ਇਹ ਭਸਮ ਦੀ ਤ੍ਰਿਪੁੰਦਰਾ ਥੋੜ੍ਹੇ ਪਾਣੀ ਨਾਲ ਮਿਕਸ ਕਰ ਕੇ ਪਹਿਲਾਂ ਤੋਂ ਦੱਸੇ ਹੋਏ ਅੰਗਾਂ ਤੇ ਲਗਾਉਣੀ ਚਾਹੀਦੀ ਹੈ।

त्रिपुण्ड्रमुक्तस्थानेषु दध्यात् सजलभस्मना।

शिवं शिवंकरं शान्तं स प्राप्नोति न संशयः।।३५।।

35. ਉਸ ਭਗਤ ਨੂੰ ਸ਼ਿਵਾ ਦੀ ਪ੍ਰਾਪਤੀ ਹੋ ਜਾਂਦੀ ਹੈ, ਜੋ ਸ਼ਾਤ ਹੈ ਅਤੇ ਜ਼ਿੰਦਗੀ ਵਿੱਚ ਮੰਗਲ ਲਿਆਉਣ ਵਾਲਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ।

मध्याङ्गुलित्रयेणैव स्वदक्षिणकरस्य तु।

षडङ्गुलायतं मानमपि वालिकमानकम्।।३६।।

36. ਆਪਣੇ ਸੱਜੇ ਹੱਥ ਦੀਆਂ ਵਿਚਕਾਰਲੀਆਂ ਤਿੰਨ ਉਂਗਲੀਆਂ ਨਾਲ ਸਾਨੂੰ ਛੇ ਇੰਚ ਲੰਬੀ ਜਾਂ ਆਪਣੇ ਮੱਥੇ ਦੇ ਮਾਪ ਦੀ ਜਾਂ ਦੋਵਾਂ ਅੱਖਾਂ ਦੇ ਕੋਨਿਆਂ ਤੱਕ ਮਾਪ ਕੇ ਤ੍ਰਿਪੁੰਦਰਾ ਲਗਾਉਣੀ ਚਾਹੀਂਦੀ ਹੈ।

नेत्रयुग्मप्रमाणेन फाले दध्यात् त्रिपुण्ड्रकम्।

मध्यमानामिकाङ्गुष्ठैरनुलोमविलोमतः ।।३७।।

37. ਜੋ ਇਨਸਾਨ ਆਪਣੀ ਵਿਚਕਾਰਲੀ, ਉਸ ਦੇ ਨਾਲ ਵਾਲੀ ਅਤੇ ਅੰਗੂਠੇ ਨਾਲ ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਤ੍ਰਿਪੁੰਦਰਾ ਲਗਾਉਂਦਾ ਹੈ, ਉਹ ਵਾਸਤਵ ਵਿੱਚ ਰੁਦਰਾ ਦਾ ਰੂਪ ਹੀ ਹੁੰਦਾ ਹੈ, ਇਸ ਵਿੱਚ ਵੀ ਕੋਈ ਸ਼ੱਕ ਨਹੀਂ ਹੈ।

धारयेद्यस्त्रिपुण्ड्राङ्कं स रुद्रो नात्र संशयः।

ऋजुश्वेतमनुव्याप्तं स्निग्धं श्रोत्रप्रमाणकम्।।३८।।

38. ਜੋ ਤ੍ਰਿਪੁੰਦਰਾ ਸਿੱਧੀ, ਚਮਕਦਾਰ, ਮੋਟਾਈ ਵਿੱਚ ਅਤੇ ਅਟੁੱਟ ਰੇਖਾ ਦੇ ਰੂਪ ਵਿੱਚ ਅਤੇ ਕੰਨਾਂ ਦੇ ਵਿਚਕਾਰ ਲੰਬਾਈ ਜਿੰਨੀ ਹੁੰਦੀ ਹੈ, ਚੰਗੀਆਂ ਵਿਸ਼ੇਸ਼ਤਾਵਾਂ ਵਾਲੀ ਅਤੇ ਕਲਿਆਣਕਾਰੀ ਹੁੰਦੀ ਹੈ।

एवं सल्लक्षणोपेतं त्रिपुण्ड्रं सर्वसिद्धिदम्।

प्रातःकाले च मध्याह्ने सायाह्ने च त्रिपुण्ड्रकम्।।३९।।

39. ਜੋ ਇਨਸਾਨ ਭਸਮ ਦੇ ਨਾਲ ਤ੍ਰਿਪੁੰਦਰਾ ਇੱਕ-ਇੱਕ ਵਾਰ ਸਵੇਰੇ, ਦੁਪਹਿਰੇ ਅਤੇ ਸ਼ਾਮ ਨੂੰ ਲਗਾਉਂਦਾ ਹੈ ਉਹ ਰੁਦਰ ਦਾ ਰੂਪ ਹੋ ਜਾਂਦਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ।

कदाचिद् भस्मना कुर्यात् स रुद्रो नात्र संशयः।

एवंविधं विभूत्या च कुरुते यस्त्रिपुण्ड्रकम्।।

स रौद्रधर्मसंयुक्तस्त्रयीमय इति श्रुतिः।।४०।।

40. ਜੋ ਇਸ ਕਿਸਮ ਦੀ ਤ੍ਰਿਪੁੰਦਰਾ ਭਸਮ ਨਾਲ ਲਗਾਉਂਦਾ ਹੈ, ਉਹ ਰੁਦਰ ਦੇ ਖੇਤਰ ਨਾਲ ਸਬੰਧਤ ਹੋ ਜਾਂਦਾ ਹੈ ਅਤੇ ਸ਼ਰੁਤੀ ਵਿੱਚ ਕਿਹਾ ਗਿਆ ਹੈ ਕਿ ਉਹ ਵੇਦ ਦਾ ਬਣਿਆ ਹੁੰਦਾ ਹੈ।

ब्रह्मा विष्णुश्च रुद्रश्च देवाः शक्रपुरोगमाः।

त्रिपुण्ड्रं धारयन्त्येव भस्मना परिकल्पितम्।।४१।।

41. ਬ੍ਰਹਮਾਂ, ਵਿਸ਼ਨੂ, ਮਹੇਸ਼(ਰੁਦਰ) ਅਤੇ ਇੰਦਰ ਆਦਿ ਦੇਵਤੇ ਭਸਮ ਨਾਲ ਤ੍ਰਿਪੁੰਦਰਾ ਲਗਾਉਂਦੇ ਹਨ।

वसिष्ठाद्या महाभागा मुनयः श्रुतिकोविदाः।

धारयन्ति सदाकालं त्रिपुण्ड्रं भस्मना कृतम्।।४२।।

42. ਮਹਾਨ ਆਤਮਾਵਾਂ, ਵਸ਼ਿਸ਼ਟ ਆਦਿ, ਅਤੇ ਰਿਸ਼ੀ ਜੋ ਵੇਦਾਂ ਦੀ ਪੜ੍ਹਾਈ ਦੇ ਵਿਦਵਾਨ ਹੁੰਦੇ ਹਨ ਹਮੇਸ਼ਾ ਭਸਮ ਨਾਲ ਤ੍ਰਿਪੁੰਦਰਾ ਲਗਾਉਂਦੇ ਹਨ।

शैवागमेषु वेदेषु पुराणेष्वखिलेषु च।

स्मृतीतिहासकल्पेषु विहितं भस्मपुण्ड्रकम्।।

धारणीयं समस्तानां शैवानां च विशेषतः।।४३।।

43. 'ਭਸਮਤ੍ਰਿਪੁੰਦਰਾ' ਸ਼ਿਵਾਗਮਾਂ, ਵੇਦਾਂ, ਸਾਰੇ ਤਰ੍ਹਾਂ ਦੇ ਪੁਰਾਣਾ, ਸਮਰਿਤੀਆਂ, ਇਤਿਹਾਸ ਅਤੇ ਕਲਪ ਆਦਿ ਵਿੱਚ ਨੁਸਖੇ ਦੇ ਰੂਪ ਵਿੱਚ ਦੱਸੀ ਗਈ ਹੈ। ਇਸ ਨੂੰ ਲਗਾਉਣ ਦੀ ਪ੍ਰੇਰਣਾ ਦਿੱਤੀ ਗਈ ਹੈ, ਇਸ ਸਭ ਲਈ ਹੈ ਅਤੇ ਖਾਸ ਤੌਰ ਤੇ ਸ਼ੈਵਾਂ ਲਈ।

नास्तिको भिन्नमर्यादो दुराचारपरायणः।

भस्मत्रिपुण्ड्रधारी चेन्मुच्यते सर्वकिल्बिषैः।।४४।।

44. ਜੋ ਭਸਮ ਨਾਲ ਤ੍ਰਿਪੁੰਦਰਾ ਲਗਾਉਂਦੇ ਹਨ, ਭਾਵੇਂ ਉਹ ਪਾਖੰਡੀ ਜਾਂ ਅਨਪੜ੍ਹ ਹੋਵੇ, ਜਾਂ ਦ੍ਰਿੜਤਾ ਦੀਆਂ ਸੀਮਾਵਾਂ ਲੰਘ ਚੁੱਕਾ ਹੋਵੇ, ਮਾੜੇ ਵਿਵਹਾਰ ਦਾ ਮਾਲਕ ਹੋਵੇ, ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।

भस्मना विहितस्नानस्त्रिपुण्ड्राङ्कितमस्तकः।

शिवार्चनपरो नित्यं रुद्राक्षमपि धारयेत्।।४५।।

45. ਜੋ ਭਗਤ ਭਸਮ ਨਾਲ ਤ੍ਰਿਪੁੰਦਰਾ ਦਾ ਇਸ਼ਨਾਨ ਕਰਦੇ ਹਨ, ਜਿੰਨ੍ਹਾਂ ਨੇ 'ਭਸਮਤ੍ਰਿਪੁੰਦਰਾ' ਨਾਲ ਆਪਣਾ ਮੱਥਾ ਰੰਗਿਆ ਹੁੰਦਾ ਹੈ ਅਤੇ ਜੋ ਸ਼ਿਵਾ ਦੀ ਪੂਜਾ ਵਿੱਚ ਮਗਨ ਹੁੰਦੇ ਹਨ, ਨੂੰ ਹਮੇਸ਼ਾ ਰੁਦਰਾਕਸ਼ਸ਼(ਮਾਲਾ) ਪਹਿਨਣੀ ਚਾਹੀਂਦੀ ਹੈ।

रुद्राक्षधारणादेव मुच्यन्ते सर्वपातकैः।

दुष्टचित्ता दुराचारा दुष्प्रजा अपि मानवाः।।४६।।

46. ਰੁਦਰਾਕਸ਼ਸ਼ ਦੀ ਮਾਲ ਪਹਿਨਣ ਨਾਲ ਦੁਸ਼ਟ ਦਿਮਾਗ ਵਾਲੇ, ਜਾਂ ਦੁਸਟਾਂ ਵਾਲੇ ਕੰਮ ਕਰਨ ਵਾਲੇ ਅਤੇ ਦੁਸ਼ਟ ਇੱਛਾਵਾਂ ਰੱਖਣ ਵਾਲਿਆਂ ਦੇ ਵੀ ਸਾਰੇ ਪਾਪ ਧੋਤੇ ਜਾਂਦੇ ਹਨ।

पुरा त्रिपुरसंहारे त्रिनेत्रो जगतां पतिः।

उदपश्यत् पुरां योगमुन्मीलितविलोचनः।।४७।।

47. ਇੱਕ ਵਾਰ ਦੀ ਗੱਲ ਹੈ ਕਿ ਤਿੰਨ ਸ਼ਹਿਰਾਂ ਦੇ ਵਿਨਾਸ਼ ਸਮੇਂ ਤ੍ਰਿਨੇਤਰ(ਤਿੰਨ ਅੱਖਾਂ ਵਾਲੇ ਸ਼ਿਵ), ਦੁਨੀਆਂ ਦੇ ਮਾਲਿਕ ਨੇ ਆਪਣੀਆਂ ਤਿੰਨ ਅੱਖਾਂ ਖੋਲ੍ਹੀਆਂ ਅਤੇ ਤਿੰਨ ਸ਼ਹਿਰਾਂ ਵੱਲ ਆਪਣੀ ਇੱਛਾ ਸ਼ਕਤੀ ਨਾਲ ਵੇਖਿਆ ਸੀ।

निपेतुस्तस्य नेत्रेभ्यो बहवो जलबिन्दवः।

तेभ्यो जाता हि रुद्राक्षा रुद्राक्षा इति कीर्तिताः।।४८।।

48. ਉਸ ਦੀਆਂ ਅੱਖਾਂ ਵਿੱਚੋਂ ਬਹੁਤ ਸਾਰੇ ਹੰਝੂ ਨਿਕਲਣ ਲੱਗ ਪਏ। ਇਹਨਾਂ ਅੱਖਾਂ ਵਿੱਚੋਂ ਰੁਦਰਾਕਸ਼ਸ਼ ਦਾ ਜਨਮ ਹੋਇਆ ਅਤੇ ਇਸ ਨੂੰ ਰੁਦਰਾਕਸ਼ਸ਼ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਰੁਦਰ ਦੀਆਂ ਅੱਖਾਂ ਵਿੱਚੋਂ ਜਨਮਿਆਂ ਹੈ। ਇਸ ਲਈ ਇਹ ਰੁਦਰਾਕਸ਼ਸ਼ ਇਨਸਾਨ ਨੂੰ ਪਵਿੱਤਰ ਬਣਾ ਦਿੰਦਾ ਹੈ।

रुद्रनेत्रसमुत्पन्ना रुद्राक्षा लोकपावनाः।

अष्टत्रिंशत्प्रभेदेन भवन्त्युत्पत्तिभेदतः।।४९।।

49. ਰੁਦਰਾਕਸ਼ਸ਼ ਦੀਆਂ ਖੇਤਰਾਂ ਵਿੱਚ ਅੰਤਰ ਦੇ ਹਿਸਾਬ ਨਾਲ 38 ਕਿਸਮਾਂ ਹੁੰਦੀਆਂ ਹਨ।

नेत्रात् सूर्यात्मनः शम्भोः कपिला द्वादशोदिताः।

श्वेताः षोडश सञ्जाताः सोमरूपाद्विलोचनात्।।५०।।

50. ਸ਼ੰਭੂ(ਸ਼ਿਵਾ) ਦੀ ਅੱਖ ਵਿੱਚੋਂ ਸੂਰਜ ਦੇ ਰੂਪ ਵਿੱਚ 12 ਕਿਸਮਾਂ ਦਾ ਜਨਮ ਹੋਇਆ। ਉਸ ਦੀ ਅੱਖ ਵਿੱਚੋਂ 'ਕੇਂਦਰਾ' ਦੇ ਰੂਪ ਵਿੱਚ 16 ਸਫੇਦ ਕਿਸਮਾਂ ਦਾ ਜਨਮ ਹੋਇਆ।

कृष्णा दशविधा जाता वह्निरूपाद्विलोचनात्।

एवमुत्पत्तिभेदेन रुद्राक्षा बहुधा स्मृताः।।५१।।

51. ਕਾਲੇ ਰੰਗ ਦੀਆਂ 10 ਕਿਸਮਾਂ ਦਾ ਜਨਮ ਉਸ ਦੀ ਅੱਖ ਵਿੱਚੋ 'ਅਗਨੀ' ਦੇ ਰੂਪ ਵਿੱਚ ਹੋਇਆ। ਇਸ ਲਈ ਰੁਦਰਾਕਸ਼ਸ਼ ਖੇਤਰਾਂ ਵਿਚ ਅੰਤਰ ਦੇ ਆਧਾਰ ਤੇ ਬਹੁਪੱਖੀ ਹੁੰਦਾ ਹੈ।

अच्छिद्रं कनकप्रख्यमनन्यधृतमुत्तमम्।

रुद्राक्षं दारयेत्प्राज्ञः शिवपूजापरायणः।।५२।।

52. ਇੱਕ ਸਿਆਣਾ ਇਨਸਾਨ ਜੋ ਸ਼ਿਵਾ ਦੀ ਪੂਜਾ ਵਿੱਚ ਰੁੱਝਿਆ ਹੁੰਦਾ ਹੈ ਨੂੰ ਰੁਦਰਾਕਸ਼ਸ਼ ਪਹਿਨਣਾ ਚਾਹੀਦਾ ਹੈ ਜੋ ਕਿ ਛੇਦਾਂ(ਮੋਰੀਆਂ) ਤੋਂ ਮੁਕਤ ਹੋਵੇ, ਜੋ ਸੋਨੇ ਦੀ ਭਾਅ ਮਾਰਦਾ ਹੋਵੇ, ਅਤੇ ਜੋ ਕਿਸੇ ਹੋਰ ਨੇ ਕਦੇ ਨਾ ਪਹਿਨਿਆ ਹੋਵੇ।

यथास्थानं यथावक्त्रं यथायोगं यथाविधि।

रुद्राक्षधारणं वक्ष्ये रुद्रसायुज्य-सिद्धये।।५३।।

53. ਸ਼ਰੀਰ ਦੀ ਜਗ੍ਹਾ(ਅੰਗ) ਦੇ ਅਨੁਸਾਰ, ਉਸ ਦੇ ਮੁੱਖਾਂ ਦੀ ਗਿਣਤੀ ਦੇ ਅਨੁਸਾਰ, ਅਤੇ ਸ਼ਾਸ਼ਤਰਾਂ ਅਨੁਸਾਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਰੁਦਰ ਨਾਲ ਇਕਮਿਕ ਹੋਣ ਲਈ ਰੁਦਰਾਕਸ਼ਸ਼ ਨੂੰ ਪਹਿਨਣ ਦਾ ਕੀ ਤਰੀਕਾ ਹੈ।

शिखायामेकमेकास्यं रुद्राक्षं धारयेद्बुधः।

द्वित्रिद्वादशवक्त्राणि शिरसि त्रीणि धारयेत्।।५४।।

54. ਸਿਰ ਦੇ ਜੂੜੇ(ਸ਼ਿਖਾਯਮ) ਤੇ ਇੱਕ ਸਿਆਣੇ ਇਨਸਾਨ ਨੂੰ ਇੱਕ ਮੁਖੀ ਰੁਦਰਾਕਸ਼ਸ਼ ਪਹਿਨਣਾ ਚਾਹੀਦਾ ਹੈ। ਸਿਰ ਤੇ ਦੋ-ਮੁਖੀ, ਤਿੰਨ-ਮੁਖੀ ਅਤੇ ਬਾਰਾਂ-ਮੁਖੀ ਤਿੰਨ ਰੁਦਰਾਕਸ਼ਸ਼ ਪਹਿਨਣੇ ਚਾਹੀਂਦੇ ਹਨ।

षट्त्रिंशद्धारयेन्मूर्ध्नि नित्यमेकादशाननान्।

दशसप्तपञ्चवक्त्रान् षट् षट् कर्णद्वये वहेत्।।५५।।

55. 'ਕਰੈਸਟ' ਤੇ ਗਿਆਰਾਂ-ਮੁਖੀ ਛੱਤੀ ਰੁਦਰਾਕਸ਼ਸ਼ ਪਹਿਨਣੇ ਚਾਹੀਦੇ ਹਨ। ਦੋਵਾਂ ਕੰਨਾਂ ਵਿੱਚ ਛੇ ਰੁਦਰਾਕਸ਼ਸ਼ ਹਰੇਕ ਦਸ, ਸੱਤ ਅਤੇ ਪੰਜ-ਮੁਖੀ ਪਹਿਨਣੇ ਚਾਹੀਂਦੇ ਹਨ। ਗਲੇ ਵਿੱਚ ਛੇ ਅਤੇ ਅੱਠ-ਮੂੰਹੀ ਬੱਤੀ ਰੁਦਰਾਕਸ਼ਸ਼ ਪਹਿਨਣੇ ਚਾਹੀਂਦੇ ਹਨ।

षडष्टवदनान् कण्ठे द्वात्रिंशद्धारयेत् सदा।

पञ्चाशद्धारयेद्विद्वान् चतुर्वक्त्राणि वक्षसि।।५६।।

56. ਛਾਤੀ ਤੇ ਚਾਰ-ਮੁਖੀ ਪੰਜਾਹ ਰੁਦਰਾਕਸ਼ਸ਼ ਪਹਿਨਣੇ ਚਾਹੀਂਦੇ ਹਨ। ਹਰ ਇੱਕ ਬਾਂਹ ਤੇ ਤੇਰਾਂ-ਮੁਖੀ ਸੋਲਾਂ ਰੁਦਰਾਕਸ਼ਸ਼ ਪਹਿਨਣੇ ਚਾਹੀਂਦੇ ਹਨ।

त्रयोदशमुखान् बाह्वोर्धरेत् षोडश षोडश।

प्रत्येकं द्वादश वहेन्नवास्यान् मणिबन्धयोः।।५७।।

57. ਬਾਂਹ ਦੇ ਹਰੇਕ ਅਗਲੇ ਹਿੱਸੇ ਤੇ ਨੌਂ-ਮੁਖੀ ਬਾਰਾਂ ਰੁਦਰਾਕਸ਼ਸ਼ ਪਹਿਨਣੇ ਚਾਹੀਂਦੇ ਹਨ। 'ਯਜਨਾਸੂਤਰ'(ਯਜਨਪਿਵਿੱਤਾ) ਤੇ ਚੌਦਾਂ-ਮੁਖੀ ਇੱਕ ਸੌ ਅੱਠ(108) ਰੁਦਰਾਕਸ਼ਸ਼ ਪਹਿਨਣੇ ਚਾਹੀਂਦੇ ਹਨ।

चतुर्दशमुखं यज्ञसूत्रमष्टोत्तरं शतम्।

धारयेत् सार्वकालं तु रुद्राक्षं शिवपूजकः।।५८।।

58. ਇਸ ਲਈ ਸ਼ਿਵਾ ਦੇ ਭਗਤ ਨੂੰ ਹਰ ਸਮੇਂ ਰੁਦਰਾਕਸ਼ਸ਼ ਪਹਿਨਣਾ ਚਾਹੀਂਦਾ ਹੈ।

एवं रुद्राक्षधारी यः सर्वकाले तु वर्तते।

तस्य पापकथा नास्ति मूढस्यापि न संशयः।।५९।।

59. ਉਹ ਇਨਸਾਨ ਜੋ ਹਰ ਸਮੇਂ ਰੁਦਰਾਕਸ਼ਸ਼ ਪਹਿਨਦਾ ਹੈ, ਭਾਵੇਂ ਉਹ ਮੂਰਖ ਹੀ ਕਿਉਂ ਨਾ ਹੋਵੇ, ਉਹ ਕੋਈ ਪਾਪ ਨਹੀਂ ਕਰ ਸਕਦਾ। ਇਸ ਵਿੱਚ ਕੋਈ ਸ਼ੱਕ ਨਹੀਂ ਹੈ।

ब्रह्महा मद्यपायी च स्वर्णहृद् गुरुतल्पगः।

मातृहा पितृहा चैव भ्रूणहा कृतघातकः।।

रुद्राक्षधारणादेव मुच्यते सर्वपातकैः।।६०।।

60. ਜੋ ਬ੍ਰਾਹਮਣ ਨੂੰ ਮਾਰਦਾ ਹੈ, ਜੋ ਸ਼ਰਾਬ ਪੀਂਦਾ ਹੈ, ਜੋ ਸੋਨੇ ਦੀ ਚੋਰੀ ਕਰਦਾ ਹੈ, ਜੋ ਗੁਰੂ ਦੀ ਪਤਨੀ ਨਾਲ ਦੁਰਵਿਵਹਾਰ ਕਰਦਾ ਹੈ, ਜੋ ਉਸ ਦੀ ਮਾਤਾ ਨੂੰ ਮਾਰਦਾ ਹੈ, ਜੋ ਉਸਦੇ ਪਿਤਾ ਨੂੰ ਮਾਰਦਾ ਹੈ, ਜੋ ਅਣਜੰਮੇ ਬੱਚੇ ਨੂੰ ਕੁੱਖ ਵਿੱਚ ਮਾਰਦਾ ਹੈ, ਅਤੇ ਜੋ ਆਪਣੇ ਹਿਤਕਾਰੀ ਨੂੰ ਮਾਰਦਾ ਹੈ ਆਦਿ ਸਭ ਨੂੰ ਆਪਣੇ ਪਾਪਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ ਜੋ ਰੁਦਰਾਕਸ਼ਸ਼ ਪਹਿਨਦੇ ਹਨ।

दर्शनात् स्पर्शनाच्चैव स्मरणादपि पूजनात्।

रुद्राक्षधारणाल्लोके मुच्यन्ते पातकैः जनाः।।६१।।

61. ਰੁਦਰਾਕਸ਼ਸ਼ ਨੂੰ ਵੇਖਣ, ਛੂਹਣ, ਯਾਦ ਕਰਨ ਅਤੇ ਉਸ ਦੀ ਪੂਜਾ ਕਰਨ ਅਤੇ ਉਸ ਨੂੰ ਪਹਿਨਣ ਵਾਲੇ ਸੰਸਾਰ ਦੇ ਲੋਕ ਵੱਡੇ ਪਾਪਾਂ ਤੋਂ ਆਜ਼ਾਦ ਹੋ ਜਾਂਦੇ ਹਨ।

ब्राह्मणो वान्त्यजो वापि मूर्खो वा पण्डितोऽपि वा।

रुद्राक्षधारणादेव मुच्यन्ते सर्वपातकैः।।६२।।

62. ਇੱਕ ਭਗਤ, ਭਾਵੇਂ ਉਹ ਬ੍ਰਾਹਮਣ ਹੋਵੇ, ਸ਼ੂਦਰ ਹੋਵੇ, ਮੂਰਖ ਜਾਂ ਪੜ੍ਹਿਆ ਲਿਖਿਆ ਹੋਵੇ, ਸਿਰਫ ਰੁਦਰਾਕਸ਼ਸ਼ ਦੇ ਪਹਿਨਣ ਨਾਲ ਹੀ ਵੱਡੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।

गवां कोटिप्रदानस्य यत्फलं भुवि लभ्यते।

तत्फलं लभते मर्त्यो नित्यं रुद्राक्षधारणात्।।६३।।

63. ਕਰੋੜਾਂ ਗਾਂਵਾਂ ਨੂੰ ਦਾਨ ਕਰਨ ਤੇ ਇਸ ਦੁਨੀਆਂ ਵਿੱਚ ਜੋ ਫਲ ਮਿਲਦਾ ਹੈ, ਇੱਕ ਇਨਸਾਨ ਸਿਰਫ ਰੁਦਰਾਕਸ਼ਸ਼ ਪਹਿਨ ਕੇ ਹੀ ਅਜਿਹਾ ਫਲ ਹਾਂਸਲ ਕਰ ਸਕਦਾ ਹੈ।

मृत्युकाले च रुद्राक्षं निष्पीड्य सह वारिणा।

यः पिबेच्चिन्तयन् रुद्रं रुद्रलोकं स गच्छति।।६४।।

64. ਜੋ ਆਪਣੀ ਮੌਤ ਸਮੇਂ ਰੁਦਰਾਕਸ਼ਸ਼ ਨੂੰ ਭੋਰ ਕੇ ਪਾਣੀ ਨਾਲ ਰੁਦਰਾ ਦਾ ਜਾਪ ਕਰ ਕੇ ਪੀਂਦਾ ਹੈ ਉਹ ਰੁਦਰਾ ਦੇ ਸਿੱਧਾ ਘਰ ਜਾਂਦਾ ਹੈ।

भस्मोद्धूलितसर्वाङ्गा धृतरुद्राक्षमालिकाः।

ये भवन्ति महात्मानस्ते रुद्रा नात्र संशयः।।६५।।

65. ਉਹ ਮਹਾਨ ਆਤਮਾਵਾਂ ਜਿੰਨ੍ਹਾਂ ਨੇ ਆਪਣੇ ਆਪ ਨੂੰ ਭਸਮ ਵਿੱਚ ਰੰਗਿਆ ਹੋਇਆ ਹੈ ਅਤੇ ਜਿੰਨ੍ਹਾਂ ਨੇ ਰੁਦਰਾਕਸ਼ਸ਼ ਦੀ ਮਾਲ ਪਹਿਨੀ ਹੋਈ ਹੈ ਉਹ ਰੁਦਰਾ ਦਾ ਹੀ ਰੂਪ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੈ।

नित्यानि काम्यानि निमित्तजानि

कर्माणि सर्वाणि सदापि कुर्वन्।

यो भस्मरुद्राक्षधरो यदि स्याद्

द्विजो न तस्यास्ति फलोपपत्तिः।।६६।।

66. ਦਵਿੱਜਾ ਲਈ, ਜੋ ਕਿ ਹਰ ਰੋਜ਼ ਆਪਣੀ ਇੱਛਾ ਨੂੰ ਪੂਰਨ ਕਰਨ ਲਈ ਹਰ ਰੋਜ਼ ਔ ਖਾਸ ਮੌਕੇ ਤੇ ਜਾਪ ਕਰਦੀ ਹੈ ਪਰੰਤੂ ਭਸਮ ਨਹੀਂ ਲਗਾਉਂਦੀ ਅਤੇ ਨਾਂ ਹੀ ਰੁਦਰਾਕਸ਼ਸ਼ ਪਹਿਨਦੀ ਹੈ, ਉਸ ਨੂੰ ਕਿਸੇ ਤਰ੍ਹਾਂ ਦੇ ਫਲ ਦੀ ਪ੍ਰਾਪਤੀ ਨਹੀਂ ਹੁੰਦੀ।

सर्वेषु वर्णाश्रमसङ्गतेषु

नित्यं सदाचारपरायणेषु।

श्रुतिस्मृतिभ्यामिह चोद्यमानो

विभूति - रुद्राक्षधरः समानः।।६७।।

67. ਉਹ ਲੋਕ ਜੋ ਵਰਣ ਅਤੇ ਆਸ਼ਰਮ ਦੀ ਦਿਨਚਰਿਆ ਦਾ ਪਾਲਣ ਕਰਦੇ ਹਨ, ਅਤੇ ਨਿੱਤ ਧਾਰਮਿਕ ਕਿਰਿਆਵਾਂ ਵਿੱਚ ਰੁੱਝੇ ਰਹਿੰਦੇ ਹਨ ਅਤੇ ਜੋ ਭਸਮ ਲਗਾਉਂਦੇ ਹਨ ਅਤੇ ਰੁਦਰਾਕਸ਼ਸ਼ ਪਹਿਨਦੇ ਹਨ ਉਹਨਾਂ ਦੀ ਸ਼ਰੁਤੀ ਅਤੇ ਸਮਰਿਤੀ ਵਿੱਚ ਪ੍ਰਸ਼ੰਸਾ ਕੀਤੀ ਗਈ ਹੈ।

ਅੱਠਵਾਂ ਅਧਿਆਇ

धृतश्रीभूतिरुद्राक्षः प्रयतो लिङ्गधारकः।
जपेत् पञ्चाक्षरीविद्यां शिवतत्त्वप्रबोधिनीम्।।१।।

1. ਜਿਸ ਨੇ ਭਸਮ ਲਗਾ ਕੇ ਰੁਦਰਾਕਸ਼ਸ਼ ਪਹਿਨਿਆ ਹੁੰਦਾ ਹੈ, ਅਤੇ ਜੋ ਆਤਮ-ਸੰਜਮ ਵਿੱਚ ਰਹਿੰਦੇ ਹਨ, ਅਤੇ ਲਿੰਗ ਦੁਆਰਾ ਜਨਮੇ ਹੁੰਦੇ ਹਨ, ਨੂੰ ਉਸ ਪੰਚਅਕਸ਼ਰੀਮੰਤਰ ਦਾ ਜਾਪ ਕਰਨਾ ਚਾਹੀਂਦਾ ਹੈ ਜਿਸ ਵਿੱਚ ਸ਼ਿਵਾ ਦੇ ਸਿਧਾਂਤ ਸੰਮਿਲਿਤ ਹਨ।

शिवतत्त्वात् परं नास्ति यथा तत्त्वान्तरं महत्।
तथा पञ्चाक्षरीमन्त्रान्नास्ति मन्त्रान्तरं महत्।।२।।

2. ਕਿਉਂਕਿ ਸ਼ਿਵਾ ਦੇ ਸਿਧਾਂਤਾਂ ਤੋਂ ਵੱਡਾ ਕੋਈ ਹੋਰ ਸਿਧਾਂਤ ਨਹੀਂ ਹੈ ਇਸੇ ਤਰਾਂ ਪੰਚਅਕਸ਼ਰੀਮੰਤਰ ਤੋਂ ਵੱਡਾ ਕੋਈ ਮੰਤਰ ਨਹੀਂ ਹੈ।

ज्ञाते पञ्चाक्षरीमन्त्रे किं वा मन्त्रान्तरैः फलम्?।
ज्ञाते शिवे जगन्मूले किं फलं देवतान्तरैः?।।३।।

3. ਜਦੋਂ ਪੰਚਅਕਸ਼ਰੀਮੰਤਰ ਦਾ ਗਿਆਨ ਹੈ, ਤਾਂ ਹੋਰ ਕਿਸੇ ਮੰਤਰ ਦਾ ਕੋਈ ਲਾਭ ਨਹੀਂ ਹੈ, ਜਦੋਂ ਸ਼ਿਵਾ ਦਾ ਗਿਆਨ ਹੈ ਜੋ ਕਿ ਸੰਸਾਰ ਦਾ ਸੋਮਾਂ ਹੈ ਤਾਂ ਹੋਰ ਕਿਸੇ ਦੇਵਤੇ ਦੇ ਗਿਆਨ ਦੀ ਕੋਈ ਲੋੜ ਨਹੀਂ ਹੈ।

सप्तकोटिषु मन्त्रेषु मन्त्रः पञ्चाक्षरो महान्।
ब्रह्मविष्ण्वादिदेवेषु यथा शम्भुर्महत्तरः।।४।।

4. ਸੱਤ ਕਰੋੜ ਮਹਾਨ ਮੰਤਰਾਂ ਵਿੱਚੋਂ ਪੰਚਅਕਸ਼ਰੀਮੰਤਰ ਸਭ ਤੋਂ ਸ਼੍ਰੇਸ਼ਠ ਹੈ, ਇਸੇ ਤਰ੍ਹਾਂ ਸਾਰੇ ਦੇਵਤਿਆਂ ਬ੍ਰਹਮਾਂ, ਵਿਸ਼ਨੂ ਆਦਿ ਤੋਂ ਸ਼ੰਭੂ ਸ਼੍ਰੇਸ਼ਠ ਹੈ।

अशेषजगतां हेतुः परमात्मा महेश्वरः।
तस्य वाचकमन्त्रोऽयं सर्वमन्त्रैककारणम्।।५।।

5. ਮਹੇਸ਼ਵਰ, ਸਰਵਉੱਚ ਆਤਮਾਂ, ਸਾਰੀ ਸ਼੍ਰਿਸ਼ਟੀ ਦਾ ਕਾਰਣ ਹੈ ਅਤੇ ਇਹ ਮੰਤਰ ਉਸ ਨੂੰ ਹੀ ਦਰਸਾਉਂਦਾ ਹੈ ਅਤੇ ਸਾਰੇ ਮੰਤਰਾਂ ਦਾ ਕਾਰਣ ਹੈ।

तस्याभिधानमन्त्रोऽयभिधेयश्च स स्मृतः।
अभिधानाभिधेयत्वान्मन्त्रात् सिद्धः परः शिवः।।६।।

6. ਇਹ ਮੰਤਰ(ਪੰਚਅਕਸ਼ਰੀ) ਸ਼ਿਵਾ ਨੂੰ ਹੀ ਦਰਸਾਉਂਦਾ ਹੈ ਅਤੇ ਸ਼ਿਵਾ ਇਸ ਮੰਤਰ ਨੂੰ ਦਰਸਾਉਂਦਾ ਹੈ, ਇਹਨਾਂ ਦੇ ਇਸ ਸਬੰਧ ਕਰਕੇ ਇਸ ਮੰਤਰ ਵਿੱਚੋਂ ਪਰਾਸ਼ਿਵਾ ਸ਼ਪੱਸ਼ਟ ਹੁੰਦਾ ਹੈ।

नमः शब्दं वदेत्पूर्वं शिवायेति ततः परम्।
मन्त्रः पञ्चाक्षरो ह्येष सर्वश्रुतिशिरोगतः।।७।।

7. ਸਭ ਤੋਂ ਪਹਿਲਾਂ 'ਨਮਹ' ਸ਼ਬਦ ਦਾ ਉਚਾਰਣ ਕਰਨਾ ਚਾਹੀਂਦਾ ਹੈ ਅਤੇ ਉਸ ਤੋਂ ਬਾਅਦ 'ਸ਼ਿਵਾਏ' (ਸ਼ਿਵਾ ਨੂੰ) ਸ਼ਬਦ ਦਾ ਉਚਾਰਣ ਕਰਨਾ ਚਾਹੀਂਦਾ ਹੈ। ਇਹ ਪੰਚਅਕਸ਼ਰੀ(ਪੰਜ ਅੱਖਰ) ਮੰਤਰ ਹੈ ਜੋ ਕਿ ਸਾਰੀਆਂ ਸ਼ਰੁਤੀਆਂ ਵਿੱਚ ਪ੍ਰਧਾਨ ਹੈ।

आदितः परिशुद्धत्वान्मलत्रयवियोगतः।

शिव इत्युच्यते शम्भुश्चिदानन्दघनः प्रभुः।।८।।

8. ਪਰਮਾਤਮਾਂ ਸ਼ੰਭੂ(ਬ੍ਰਹਮਾਂ) ਮੋਟਾ, ਗਿਆਨਵਾਨ ਅਤੇ ਆਸ਼ੀਸ਼ ਭਰਪੂਰ ਹੈ, ਨੂੰ ਸ਼ਿਵਾ ਕਹਿੰਦੇ ਹਨ ਕਿਉਂਕਿ ਉਹ ਸ਼ੁਰੂ ਤੋਂ ਤਿੰਨ ਮਾਲਾਵਾਂ(ਅਸ਼ੁੱਧਤਾਵਾਂ) ਦੇ ਤਿਆਗ ਤੋਂ ਬਾਅਦ ਉਹ ਪੂਰੀ ਤਰ੍ਹਾਂ ਪਵਿੱਤਰ ਹੋ ਗਿਆ ਹੈ।

आस्पदत्वादशेषाणां मङ्गलानां विशेषतः।

शिवशब्दाभिधेयो हि देवदेवस्त्रियम्बकः।।९।।

9. ਸ਼ਿਵਾ ਨੂੰ ਦੇਵਤਿਆਂ ਦਾ ਦੇਵਤਾ, ਤ੍ਰਿਅੰਬਿਕ ਕਿਹਾ ਜਾਂਦਾ ਹੈ ਕਿਉਂਕਿ ਉਹ ਸਭ ਤਰ੍ਹਾਂ ਦੇ ਮੰਗਲਕਾਰੀਆਂ ਲਈ ਆਸਰਾ ਹੈ।

शिव इत्यक्षरद्वन्द्वं परब्रह्मप्रकाशकम्।

मुख्यवृत्त्या तदन्येषां शब्दानां गुणवृत्तिता।।१०।।

10. ਆਪਣੇ ਮੁੱਢਲੇ ਕੰਮਾਂ(ਅਵਿਧਿਆ) ਕਰਕੇ ਨਾਂ-ਵਰਣਨਯੋਗ ਸ਼ਿਵਾ ਪਾਰਬ੍ਰਹਮ ਦਾ ਰੂਪ ਧਾਰਨ ਕਰਦਾ ਹੈ। ਜਦਕਿ ਦੂਸਰੇ ਸ਼ਬਦਾਂ ਵਿੱਚ ਸੈਕੰਡਰੀ ਕੰਮਾਂ(ਲਕਸ਼ਣ) ਦੁਆਰਾ ਇਹ ਰੂਪ ਬਣਦਾ ਹੈ।

तस्मान्मुख्यतरं नाम शिव इत्यक्षरद्वयम्।

सच्चिदानन्दरूपस्य शम्भोरमिततेजसः।।११।।

11. ਇਸ ਲਈ ਦੋ ਅੱਖਰਾਂ ਦਾ ਨਾਮ ਸ਼ਿਵਾ ਸ਼ੰਭੂ ਦਾ ਮੌਲਿਕ ਨਾਮ ਹੈ, ਜੋ ਕਿ ਹੋਂਦ, ਬੁੱਧੀ ਅਤੇ ਆਸ਼ੀਸ਼ ਦਾ ਰੂਪ ਹੈ ਅਤੇ ਜੋ ਅਸੀਮਤ ਰੌਸ਼ਨੀ ਦਾ ਰੂਪ ਹੈ,

एतन्नामावलम्बेन मन्त्रः पञ्चाक्षरः स्मृतः।

यस्मादतः सदा जप्यो मोक्षकाङ्क्षिभिरादरात्।।१२।।

12. ਇਸ ਨਾਮ(ਸ਼ਿਵਾ) ਦੇ ਆਧਾਰ ਤੇ ਪੰਚਅਕਸ਼ਰਮੰਤਰ ਨੂੰ ਮਹਾਨ ਕਿਹਾ ਜਾਂਦਾ ਹੈ।

यथानादिर्महादेवः सिद्धः संसारमोचकः।

तथा पञ्चाक्षरीमन्त्रः संसारक्षयकारकः।।१३।।

13. ਇਸੇ ਕਰਕੇ ਜੋ ਮੁਕਤੀ ਦੀ ਇੱਛਾ ਰਖਦੇ ਹਨ ਉਹਨਾਂ ਦੁਆਰਾ ਪ੍ਰੇਰਣਾ ਸਦਕਾ ਸਤਿਕਾਰਿਆ ਜਾਂਦਾ ਹੈ। ਜਿਵੇਂ ਕਿ ਮਹਾਂਦੇਵ, ਜੋ ਜਨਮ ਰਹਿਤ ਹੈ, ਆਵਾਗਮਨ ਤੋਂ ਮੁਕਤੀ ਦਾ ਸਾਧਨ ਹੈ, ਇਸੇ ਤਰ੍ਹਾਂ ਪੰਚਅਕਸ਼ਰਮੰਤਰ ਆਵਾਗਮਨ ਨੂੰ ਨਸ਼ਟ ਕਰਦਾ ਹੈ।

पञ्चभूतानि सर्वाणि पञ्च तन्मात्रकानि च।

ज्ञानेन्द्रियाणि पञ्चापि पञ्च कर्मेन्द्रियाणि च।।१४।।

14. ਸਾਰੇ ਪੰਚਭੂਤ ਤੱਤ, ਪੰਚ ਸੂਖਮ ਤੱਤ, ਪੰਜ ਗਿਆਨ ਇੰਦਰੀਆਂ, ਪੰਜ ਪ੍ਰੇਰਕ ਅੰਗ ਅਤੇ ਪੰਜ ਕਿਰਿਆਵਾਂ ਆਦਿ

पञ्च ब्रह्माणि पञ्चापि कृत्यानि सह कारणैः।

बोध्यानि पञ्चभिर्वर्णैः पञ्चाक्षरमहामनोः।।१५।।

15. ਸਭ ਨੂੰ ਮਹਾਨ ਪੰਚਅਕਸ਼ਰ ਮੰਤਰ ਦੇ ਪੰਜ ਉਚਾਰਣਾ ਦੁਆਰਾ ਸਮਝਿਆ ਜਾ ਸਕਦਾ ਹੈ।

पञ्चधा पञ्चधा यानि प्रसिद्धानि विशेषतः।

तानि सर्वाणि वस्तूनि पञ्चाक्षरमयानि हि।।१६।।

16. ਇਹ ਸਾਰੇ ਤੱਤ ਜਿਨ੍ਹਾਂ ਨੂੰ ਪੰਜ ਤੱਤਾਂ ਦਾ ਸਮੂਹ ਕਿਹਾ ਜਾਂਦਾ ਹੈ ਇਹ ਸਾਰੇ ਪੰਚਅਕਸ਼ਰ ਮੰਤਰ ਨੂੰ ਪ੍ਰਦਰਸ਼ਿਤ ਕਰਦੇ ਹਨ।

ओंकारपूर्वो मन्त्रोऽयं पञ्चाक्षरमयः परः।

शैवागमेषु वेदेषु षडक्षर इति स्मृतः।।१७।।

17. ਇਹ ਸਰਵਉੱਚ ਮੰਤਰ ਪੰਜ ਅਕਸ਼ਰਾਂ ਦਾ ਬਣਿਆ ਹੈ ਜਿਸ ਨੂੰ ਸ਼ਿਵਆਗਮਾਂ ਅਤੇ ਵੇਦਾਂ ਵਿੱਚ ਸਦਾਅਕਸ਼ਰ(ਛੇ ਅੱਖਰਾ) ਕਿਹਾ ਜਾਂਦਾ ਹੈ ਜਿਸ ਦਾ ਪ੍ਰਾਰੰਭ 'ਓਮਕਾਰ' (ਓਮ ਅੱਖਰ) ਤੋਂ ਹੁੰਦਾ ਹੈ।

मन्त्रस्यास्यादिभूतेन प्रणवेन महामनोः।

प्रबोध्यते महादेवः केवलश्चित्सुखात्मकः।।१८।।

18. ਮਹਾਂਦੇਵ(ਮਹਾਨ ਪ੍ਰਭੂ) ਜੋ ਕਿ ਹੋਂਦ, ਗਿਆਨ ਅਤੇ ਆਸ਼ੀਸ਼ ਦੇ ਸੁਭਾਅ ਦੇ ਹਨ, ਇਸ ਪ੍ਰਣਵ(ਓਮ ਅੱਖਰ) ਤੋਂ ਪ੍ਰਗਟ ਹੁੰਦੇ ਹਨ, ਜੋ ਕਿ ਮਹਾਨ ਪੰਚਅਕਸ਼ਰੀ ਮੰਤਰ ਦੇ ਬਿਲਕੁਲ ਸ਼ੁਰੂ ਵਿੱਚ ਆਉਂਦਾ ਹੈ।

प्रणवेनैकवर्णेन परब्रह्म प्रकाश्यते।

अद्वितीयं परानन्दं शिवाख्यं निष्प्रपञ्चकम्।।१९।।

19. ਇੱਕ ਅੱਖਰ ਦੇ ਪ੍ਰਣਵ(ਓਮ) ਤੋਂ ਪਾਰਬ੍ਰਹਮ, ਜੋ ਕਿ ਸਮੇਂ ਤੋਂ ਰਹਿਤ ਹੈ, ਸਰਵਉਚ ਆਸ਼ੀਸ਼ ਹੈ, ਜਿਸ ਨੂੰ ਸ਼ਿਵਾ ਕਹਿੰਦੇ ਹਨ ਜੋ ਸਾਰੀਆਂ ਸੰਸਾਰ ਦੀਆਂ ਭਿੰਨਤਾਵਾਂ ਤੋਂ ਸੁਤੰਤਰ ਹੈ, ਪ੍ਰਗਟ ਹੁੰਦਾ ਹੈ।

परमात्ममनुर्ज्ञेयः सोऽहंरूपः सनातनः।

जायते सहयोर्लोपादोमित्येकाक्षरो मनुः।।२०।।

20. ਪਰਮਾਤਮਾਂ ਦਾ ਮੰਤਰ(ਪਰਾਸ਼ਿਵਾ) ਜੋ ਕਿ 'ਸੋਹਮ' ਦੇ ਆਕਾਰ ਜਿਹਾ ਹੈ, (ਉਹ ਮੈਂ ਹਾਂ - ਸ਼ਿਵਾਜੀਵਾਇਕਾ), ਸਭ ਤੋਂ ਪੁਰਾਤਨ ਹੈ । ਇਹ ਇੱਕ ਅੱਖਰੀ ਮੰਤਰ ਜਿਵੇਂ ਕਿ 'ਓਮ' ਜਿਹਾ ਹੈ ਅਤੇ 'ਹਾ' ਅਤੇ 'ਸਾ' ਵਰਣਾ ਦਾ ਬਣਿਆ ਹੈ।

प्रणवेनैव मन्त्रेण बोध्यते निष्कलः शिवः।

पञ्चाक्षरेण मन्त्रेण पञ्चब्रह्मतनुस्तथा।।२१।।

21. ਨਿਸ਼ਕਲ ਸ਼ਿਵਾ ਨੂੰ ਓਮ ਮੰਤਰ ਤੋਂ ਸਮਜਿਆ ਜਾ ਸਕਦਾ ਹੈ। ਪੰਚਕਾਬ੍ਰਹਾਮਣ ਦਾ ਆਕਾਰ(ਸ਼ਕਲ ਸ਼ਿਵਾ) ਨੂੰ ਪੰਚਅਕਸ਼ਰ ਮੰਤਰ ਦੁਆਰਾ ਸਮਝਿਆ ਜਾ ਸਕਦਾ ਹੈ।

निष्कलः संविदाकारः सकलो विश्वमूर्तिकः।

उभयात्मा शिवो मन्त्रे षडक्षरमये स्थितः।।२२।

22. ਨਿਸ਼ਕਲ ਚੇਤੰਨਤਾ(ਸੰਵਿਤ) ਦੇ ਸੁਭਾਅ ਜਿਹਾ ਹੈ, ਅਤੇ ਸ਼ਕਲ ਸ਼੍ਰਿਸ਼ਟੀ ਦੇ ਰੂਪ ਵਿੱਚ ਸ਼ਿਵਾ ਦੇ ਸੁਭਾਅ ਜਿਹਾ ਹੈ। ਸ਼ਿਵਾ ਜੋ ਕਿ ਸੁਭਾਅ ਤੋਂ ਨਿਸ਼ਕਲ ਅਤੇ ਸ਼ਕਲ ਜਿਹਾ ਹੈ ਉਸ ਮੰਤਰ ਵਿਚ ਰਹਿੰਦਾ ਹੈ ਜੋ ਕਿ ਛੇ ਵਰਣਾ ਤੋਂ ਬਣਿਆ ਹੈ।

मूलं विद्या शिवः शैवं सूत्रं पञ्चाक्षरस्तथा।

एतानि नामधेयानि कीर्तितानि महामनोः।।२३।।

23. ਮੂਲ, ਵਿੱਦਿਆ, ਸ਼ਿਵਾ, ਸ਼ੈਵਸੂਤਰ ਅਤੇ ਪੰਚਕਸ਼ਰ, ਮਹਾਨ ਮੰਤਰਾਂ ਦੇ ਨਾਮ ਹਨ।

पञ्चाक्षरीमिमां विद्यां प्रणवेन षडक्षरीम्।

जपेत् समाहितो भूत्वा शिवपूजापरायणः।।२४।।

24. ਜੋ ਸ਼ਿਵਾ ਦੀ ਪੂਜਾ ਵਿਚ ਲਿਪਤ ਰਹਿੰਦੇ ਹਨ ਉਹਨਾਂ ਨੂੰ ਪੰਚਅਕਸ਼ਰੀ ਮੰਤਰ ਦਾ ਧਿਆਨ ਲਗਾ ਕੇ ਜਾਪ ਕਰਨਾ ਚਾਹੀਂਦਾ ਹੈ ਜੋ ਓਮਕਾਰ ਨਾਲ ਸਦਾਅਕਸ਼ਰੀ ਬਣ ਜਾਂਦਾ ਹੈ।

प्राणायामत्रयं कृत्वा प्राङ्मुखोदङ्मुखोऽपि वा।

चिन्तयन् हृदयाम्भोजे देवदेवं त्रियम्बकम्।।२५।।

25. ਤਿੰਨ ਵਾਰ ਪ੍ਰਾਣਯਾਮ ਕਰਨ ਤੋਂ ਬਾਅਦ ਬੈਠ ਕੇ ਪੂਰਵ ਜਾਂ ਉਤਰ ਵੱਲ ਨੂੰ ਮੂੰਹ ਕਰ ਕੇ ਅਤੇ ਦਿਲ ਵਿੱਚ ਸ਼ਿਵਾ ਦੇ ਦਿਲ ਰੂਪੀ ਕੰਵਲ ਦਾ ਪਾਲਣ ਕਰ ਕੇ, ਉਹ ਸ਼ਿਵਾ ਜੋ ਦੇਵਤਿਆਂ ਦਾ ਦੇਵਤਾ ਹੈ, ਜੋ ਤ੍ਰਿਨੇਤਰ ਹੈ, ਜੋ ਸਾਰੇ ਗਹਿਣਿਆਂ ਨਾਲ ਨਿਵਾਜਿਆ ਹੈ, ਜੋ ਅੰਬਾ(ਮਾਂ ਪਾਰਵਤੀ) ਦਾ ਸਾਥੀ ਹੈ, ਅਤੇ ਜਿਸ ਦੇ ਸਿਰ ਦਾ ਗਹਿਣਾ ਚੰਦਰਮਾਂ ਹੈ,

सर्वालङ्कारसंयुक्तं साम्बं चन्द्रार्धशेखरम्।

जपेदेतां महाविद्यां शिवरूपामनन्यधीः।।२७।।

26. ਉਸ ਦੇ ਭਗਤਾਂ ਨੂੰ ਡੂੰਘੇ ਧਿਆਨ ਨਾਲ ਇਸ ਮਹਾਨ ਮੰਤਰ ਦਾ ਜਾਪ ਕਰਨਾ ਚਾਹੀਦਾ ਹੈ, ਜੋ ਕਿ ਸ਼ਿਵਾ ਦਾ ਹੀ ਰੂਪ ਹੈ।

जपस्तु त्रिविधः प्रोक्तो वाचिकोपांशुमानसः।

श्रूयते यस्तु पार्श्वस्थैर्यथा वर्णसमन्वयः।।२७।।

27. ਜਪ ਦੀਆਂ ਤਿੰਨ ਪਰਤਾਂ ਹਨ, ਵਾਚਿਕਾ(ਜ਼ਬਾਨੀ), ਉਪਾਮਸ਼ੂ(ਬੁੱਲ੍ਹਾਂ ਦੀ ਹਰਕਤ) ਅਤੇ ਮਾਨਸ(ਦਿਮਾਗੀ ਜਾਂ ਮਨ ਨਾਮ ਸਬੰਧਤ)। ਉਹ ਜਪ ਜੋ ਕਿ ਆਸ ਪਾਸ ਬੈਠੇ ਵਰਣਾ ਦੀ ਬਣਤਰ ਨੂੰ ਸਾਫ ਸੁਣ ਸਕਦੇ ਹਨ, ਨੂੰ ਵਾਚਿਕਾ ਕਿਹਾ ਜਾਂਦਾ ਹੈ, ਇਹ ਸਾਰੇ ਬੰਧਨਾਂ ਨੂੰ ਤੋੜਨ ਵਾਲਾ ਹੈ।

वाचिकः स तु विज्ञेयः सर्वपापप्रभञ्जनः।

ईषत् स्पृष्ट्वाधरपुटं यो मन्दमभिधीयते।।२८।।

28. ਉਹ ਜਪ ਜੋ ਬੁੱਲ੍ਹਾਂ ਦੇ ਹਲਕੇ ਛੂਹਣ ਨਾਲ ਕਿਹਾ ਜਾਂਦਾ ਹੈ ਅਤੇ ਆਸ ਪਾਸ ਬੈਠਿਆਂ ਨੂੰ ਨਹੀਂ ਸੁਣ ਸਕਦਾ ਨੂੰ ਉਪਾਮਸ਼ੂ ਕਹਿੰਦੇ ਹਨ।

पार्श्वस्थैरश्रुतः सोऽयमुपांशुः परिकीर्तितः।

अस्पृष्ट्वाधरमस्पन्दि जिह्वाग्रं योऽन्तरात्मना।।

भाव्यते वर्णरूपेण स मानस इति स्मृतः।।२९।।

29. ਉਹ ਜਪ ਜੋ ਆਪਣੀ ਅੰਤਰ ਆਤਮਾਂ ਜਾਂ ਮਨ ਵਿੱਚ ਬਿਨਾਂ ਬੁੱਲਾਂ ਦੀ ਜਾਂ ਜੀਭ ਦੀ ਹਰਕਤ ਦੇ ਮਨ ਵਿੱਚ ਅੱਖਰਾਂ ਦੇ ਰੂਪ ਵਿੱਚ ਉਚਾਰਿਆ ਜਾਂਦਾ ਹੈ, ਉਸ ਨੂੰ ਮਾਨਸ ਕਹਿੰਦੇ ਹਨ।

यावन्तः कर्मयज्ञाद्याः व्रतदानतपांसि च।

सर्वे ते जपयज्ञस्य कलां नार्हन्ति षोडशीम्।।३०।।

30. ਸਾਰੇ ਕਰਮਯੱਗਿਆਨ, ਕਸਮਾਂ, ਦਾਨ-ਪੁੰਨ ਅਤੇ ਤਪੱਸਿਆਵਾਂ ਅਤੇ ਹੋਰ ਸਭ ਜਪਯਜਨ ਦੇ ਛੇਵੇਂ ਭਾਗ ਦੇ ਬਰਾਬਰ ਵੀ ਨਹੀਂ ਹਨ।

माहात्म्यं वाचिकस्यैतज्जपयज्ञस्य कीर्तितम्।

तस्माच्छतगुणोपांशुः सहस्रो मानसः स्मृतः।।३१।।

31. ਜਪਯਜਨ ਦੀ ਮਹਾਨਤਾ ਦੇ ਬਾਰੇ ਜੋ ਉਪਰੋਕਤ ਕਿਹਾ ਗਿਆ ਹੈ, ਉਹ ਵਾਚਿਕਾ ਜਪ ਤੇ ਵੀ ਲਾਗੂ ਹੁੰਦਾ ਹੈ। ਉਪਾਮਸ਼ੂ ਜਪ ਵਾਚਿਕਾ ਜਪ ਤੋਂ ਸੌ ਗੁਣਾ ਉੱਤਮ ਹੈ ਅਤੇ ਮਾਨਸ ਜਪ ਉਪਾਮਸ਼ੂ ਜਪ ਤੋਂ ਸੌ ਗੁਣਾ ਉੱਤਮ ਹੈ।

वाचिकात् तदुपांशोश्च जपादस्य महामनोः।

मानसो हि जपः श्रेष्ठो घोरसंसारनाशकः।।३२।।

32. ਇਸ ਮਹਾਨ ਮੰਤਰ(ਪੰਚਕਸ਼ਰੀ) ਦਾ ਮਾਨਸਜਪ ਭਿਆਨਕ ਆਵਾਗਮਨ ਨੂੰ ਨਸ਼ਟ ਕਰਨ ਵਾਲਾ ਹੈ ਅਤੇ ਵਾਚਿਕਾਜਪ ਅਤੇ ਉਪਾਮਸ਼ੂ ਜਪ ਤੋਂ ਉੱਤਮ ਹੈ।

एतेष्वेतेन विधिना यथाभावं यथाक्रमम्।

जपेत् पञ्चाक्षरीमेतां विद्यां पाशविमुक्तये।।३३।।

33. ਪਹਿਲਾਂ ਦੱਸੀ ਇਹਨਾਂ ਜਪਾਂ ਦੀ ਵਿਧੀ ਅਨੁਸਾਰ ਇਹ ਪੰਚਅਕਸ਼ਰੀ ਮੰਤਰ ਦੱਸੀ ਗਈ ਤਰਤੀਬ ਅਨੁਸਾਰ ਅਤੇ ਸਥਿਤੀ ਦੇ ਅਨੁਸਾਰ(ਪੂਰੀ ਸ਼ਰਧਾ ਨਾਲ) ਬੰਦਿਸ਼ਾਂ ਤੋਂ ਮੁਕਤੀ ਲਈ ਜਪਣਾ ਚਾਹੀਂਦਾ ਹੈ।

अनेन मूलमन्त्रेण शिवलिङ्गं प्रपूजयेत्।

नित्यं नियमसम्पन्नः प्रयतात्मा शिवात्मकः।।३४।।

34. ਜੋ ਭਗਤ ਧਾਰਮਿਕ(ਯੌਗਿਕ) ਅਨੁਸ਼ਾਸ਼ਨ ਵਿੱਚ ਲਿਪਤ ਹੋਵੇ, ਜੋ ਸ਼ੁੱਧ ਮਨ ਵਾਲਾ ਹੋਵੇ, ਅਤੇ ਜੋ ਕਿ ਸ਼ਿਵਾ ਦੇ ਸੁਭਾਅ ਜਿਹਾ ਹੋਵੇ, ਨੂੰ ਸ਼ਿਵਲਿੰਗ(ਇਸ਼ਟਲਿੰਗ) ਦੀ ਪੂਜਾ ਇਸ ਮੌਲਿਕ ਮੰਤਰ ਨਾਲ ਕਰਨੀਂ ਚਾਹੀਂਦੀ ਹੈ ਭਾਵ ਕਿ ਇਸ ਮੰਤਰ ਦੇ ਉਚਾਰਣ ਨਾਲ।

भक्त्या पञ्चाक्षरैणैव यः शिवं सकृदर्चयेत्।

सोऽपि गच्छेच्छिवस्थानं मन्त्रस्यास्यैव गौरवात्।।३५।।

35. ਜੋ ਧਿਆਨ ਨਾਲ ਸਿਰਫ ਇੱਕ ਵਾਰ ਪੰਚਅਕਸ਼ਰੀ ਦੁਆਰਾ ਸ਼ਿਵਾ ਦੀ ਪੂਜਾ ਕਰਦਾ ਹੈ, ਉਹ ਇਸ ਮੰਤਰ ਦੀ ਮਹਾਨਤਾ ਕਾਰਨ ਸ਼ਿਵਾ ਦੇ ਖੇਤਰ(ਸ਼ਿਵਲੋਕ) ਵਿੱਚ ਪ੍ਰਵੇਸ਼ ਪ੍ਰਾਪਤ ਕਰਦਾ ਹੈ।

अब्भक्षा वायुभक्षाश्च ये चान्ये व्रतकर्शिताः।

तेषामेतैर्व्रतैर्नास्ति शिवलोकसमागमः।।३६।।

36. ਉਹਨਾਂ ਦੇ ਸੰਸ਼ਰਭ ਵਿੱਚ ਜੋ ਪਾਣੀ ਅਤੇ ਹਵਾ ਤੇ ਤੈਰਦੇ ਹਨ ਅਤੇ ਜੋ ਕਸਮਾਂ ਅਪਮਾਨਿਤ ਹੋਏ ਹੁੰਦੇ ਹਨ, ਉਹਨਾਂ ਨੂੰ ਉਹਨਾਂ ਕਸਮਾਂ ਨਾਲ ਸ਼ਿਵਲੋਕ ਦੀ ਪ੍ਰਾਪਤੀ ਨਹੀਂ ਹੁੰਦੀ।

तस्मात् तपांसि यज्ञाश्च व्रतानि नियमास्तथा।

पञ्चाक्षरार्चनस्यैव कोट्यंशेनापि नो समाः।।३७।।

37. ਇਸ ਲਈ ਸਾਰੀਆਂ ਤਪੱਸਿਆਵਾਂ, ਤਿਆਗ, ਕਸਮਾਂ ਅਤੇ ਧਾਰਮਿਕ ਉਪਦੇਸ਼ ਲਿੰਗ ਦੀ ਪੂਜਾ ਅਤੇ ਪੰਚਅਕਸ਼ਰੀ ਮੰਤਰ ਦੇ ਇੱਕ ਕਰੋੜਵੇਂ ਹਿੱਸੇ ਦੇ ਬਰਾਬਰ ਵੀ ਨਹੀਂ ਹਨ।

अशुद्धो वा विशुद्धो वा सकृत्पञ्चाक्षरेण यः।

पूजयेत् पतितो वापि मुच्यते नात्र संशयः।।३८।।

38. ਉਹ ਜੋ ਪਵਿੱਤਰ ਜਾਂ ਅਪਵਿੱਤਰ ਹੁੰਦੇ ਹਨ ਅਤੇ ਗਿਰੇ ਹੋਏ ਹੁੰਦੇ ਹਨ, ਇੱਕ ਵਾਰ ਵੀ ਪੰਚਅਕਸ਼ਰੀ ਮੰਤਰ ਨਾਲ ਪੂਜਾ ਕਰਦੇ ਹਨ, ਉਹ ਬਿਨ੍ਹਾਂ ਸ਼ੱਕ ਪਾਪਾਂ ਤੋਂ ਮੁਕਤੀ ਪਾ ਲੈਂਦੇ ਹਨ।

सकृदुच्चारमात्रेण पञ्चाक्षरमहामनोः।

सर्वेषामपि जन्तूनां सर्वपापक्षयो भवेत्।।३९।।

39. ਮਹਾਨ ਪੰਚਅਕਸ਼ਰੀ ਮੰਤਰ ਦਾ ਇੱਕ ਵਾਰ ਜਾਪ ਕਰਨ ਨਾਲ ਹੀ ਸਭ ਪ੍ਰਾਣੀਆਂ ਦੇ ਸਾਰੇ ਪਾਪ ਧੋਤੇ ਜਾਂਦੇ ਹਨ।

अन्येऽपि बहवो मन्त्रा विद्यन्ते सकलागमे।
भूयो भूयः समभ्यासात् पुरुषार्थप्रदायिनः।।४०।।

40. ਅਗਮਾਂ ਵਿੱਚ ਬਹੁਤ ਸਾਰੇ ਮੰਤਰ ਹਨ। ਇਹ ਮੰਤਰ ਜਦੋਂ ਬਾਰ-ਬਾਰ ਉਚਾਰੇ ਜਾਂਦੇ ਹਨ ਤਾਂ ਇਹ ਮਨੁੱਖੀ ਜ਼ਿੰਦਗੀ ਦੇ ਉਦੇਸ਼ਾਂ ਨੂੰ ਪੂਰਾ ਕਰਦੇ ਹਨ।

एष मन्त्रो महाशक्तिरीश्वरप्रतिपादकः।
सकृदुच्चारणादेव सर्व - सिद्धिप्रदायकः।।४१।।

41. ਇਹ ਮੰਤਰ ਜੋ ਪਰਮਾਤਮਾਂ ਦੀ ਮਹਾਨਤਾ ਬਾਰੇ ਦੱਸਦੇ ਹਨ ਅਤੇ ਜੋ ਸ਼ਕਤੀਸ਼ਾਲੀ ਹੁੰਦੇ ਹਨ, ਦਾ ਇੱਕ ਵਾਰ ਵੀ ਜਾਪ ਕਰ ਲਿਆ ਜਾਵੇ ਤਾਂ ਸਾਰੇ ਤਰਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

पञ्चाक्षरीं समुच्चार्य पुष्पं लिङ्गे विनिक्षिपेत्।
यस्तस्य वाजपेयानां सहस्त्रफलमिष्यते।।४२।।

42. ਜੋ ਪੰਚਅਕਸ਼ਰੀ ਮੰਤਰ ਦਾ ਜਾਪ ਕਰ ਕੇ ਲਿੰਗ ਨੂੰ ਫੁੱਲ ਅਰਪਿਤ ਕਰਦੇ ਹਨ ਉਹ ਵਾਜਪੇਆਨਾਂ ਦਾ ਹਜ਼ਾਰਾਂ ਗੁਣਾ ਫਲ ਪ੍ਰਾਪਤ ਕਰਦੇ ਹਨ।

अग्निहोत्रं त्रयो वेदा यज्ञाश्च बहुदक्षिणाः।
पञ्चाक्षरजपस्यैते कोट्यंशेनापि नो समाः।।४३।।

43. ਅਗਨੀਹੋਤਰਾ ਦਾ ਤਿਆਗ, ਤਿੰਨ ਵੇਦ, ਦਕਸ਼ਿਣਾ ਦੇ ਰੂਪ ਵਿੱਚ ਤਿਆਗ ਜਾਂ ਕੁਰਬਾਨੀ ਆਦਿ ਪੰਚਅਕਸ਼ਰੀ ਮੰਤਰ ਦੇ ਜਾਪ ਦੇ ਗੁਣ ਦੇ ਇੱਕ ਕਰੋੜਵੇਂ ਹਿੱਸੇ ਦੇ ਬਰਾਬਰ ਵੀ ਨਹੀਂ ਹਨ।

पुरा सानन्दयोगीन्द्रः शिवज्ञानपरायणः।
पञ्चाक्षरं समुच्चार्य नारकानुदतारयत्।।४४।।

44. ਇੱਕ ਵਾਰ ਦੀ ਗੱਲ ਹੈ ਕਿ ਯੋਗਿਨਾ ਦਾ ਸਵਾਮੀਂ ਸਨੰਦ ਜੋ ਕਿ ਸ਼ਿਵਾ ਦੇ ਗਿਆਨ ਦਾ ਮਹਾਨ ਵਿਦਵਾਨ ਸੀ, ਨੇ ਪੰਚਅਕਸ਼ਰੀ ਦਾ ਜਾਪ ਕਰਕੇ ਉਹਨਾਂ ਨੂੰ ਬਚਾਇਆ ਜੋ ਕਿ ਨਰਕਾਂ ਦੇ ਭਾਗੀ ਬਣੇ।

सिद्ध्या पञ्चाक्षरस्यास्य शतानन्दः पुरा मुनिः।
नरकं स्वर्गमकरोत् सङ्गिरस्यापि पापिनः।।४५।।

45. ਇੱਕ ਵਾਰ ਸਤਾਨੰਦ ਰਿਸ਼ੀ ਨੇ ਪੰਚਅਕਸ਼ਰੀ ਦਾ ਜਾਪ ਕਰਕੇ ਸੰਗੀਰਾ ਨਾਮ ਦੇ ਪਾਪੀ ਨੂੰ ਬਚਾਉਣ ਲਈ ਨਰਕ ਨੂੰ ਸਵਰਗ ਵਿੱਚ ਪਰਿਵਰਤਿਤ ਕਰ ਦਿੱਤਾ ਸੀ।

उपमन्युः पुरा योगी मन्त्रेणानेन सिद्धिमान्।
लब्धवान् परमेशानाच्छैवशास्त्रप्रवक्तृताम्।।४६।।

46. ਫਿਰ ਇੱਕ ਵਾਰ ਯੋਗੀ ਉਪਮੰਨਿਊ ਨੇ ਇਸ ਮੰਤਰ ਦੀ ਪ੍ਰਾਪਤੀ ਦੇ ਰੂਪ ਵਿੱਚ ਪਰਮੇਸ਼ਵਰ ਤੋਂ ਸ਼ੈਵ-ਸ਼ਾਸ਼ਤਰ ਦੀ ਉਪਾਧੀ ਲੈ ਲਈ ਸੀ।

वसिष्ठवामदेवाद्या मुनयो मुक्तकिल्बिषाः।

मन्त्रेणानेन संसिद्धा महातेजस्विनोऽभवन्।।४७।।

47. ਰਿਸ਼ੀ ਵਸ਼ਿਸ਼ਟ, ਵਾਮਦੇਵ ਆਦਿ ਜੋ ਕਿ ਸਾਰੇ ਨੁਕਸਾਂ ਤੋਂ ਸੁਤੰਤਰ ਸਨ, ਇਸ ਮੰਤਰ ਦੀ ਪ੍ਰਾਪਤੀ ਦੇ ਰੂਪ ਵਿੱਚ ਮਹਾਨ ਗਿਆਨੀ ਬਣੇ।

ब्रह्मादीनां च देवानां जगत्सृष्ट्यादिकर्मणि।

मन्त्रस्यास्यैव माहात्म्यात् सामर्थ्यमुपजायते।।४८।।

48. ਦੇਵਤਿਆਂ ਅਤੇ ਬ੍ਰਾਹਮਣਾ ਦੀ ਇਸ ਸੰਸਾਰ ਦੀ ਰਚਨਾ ਦੇ ਰੂਪ ਵਿੱਚ ਸ਼ਕਤੀ ਇਸੇ ਮੰਤਰ ਦੀ ਮਹਾਨਤਾ ਕਰਕੇ ਬਣੀ।

किमिह बहुभिरुक्तैर्मन्त्रमेवं महात्मा

प्रणवसहितमादौ यस्तु पञ्चाक्षराख्यम्।

जपति परमभक्त्या पूजयन् देवदेवं

स गतदुरितबन्धो मोक्षलक्ष्मीं प्रयाति।।४९।।

49. ਇਸ ਬਾਰੇ ਬਹੁਤਾ ਕੀ ਕਹਿਣਾ। ਇੱਕ ਨੇਕ ਇਨਸਾਨ ਜੋ ਓਮਕਾਰ ਤੋਂ ਸ਼ੁਰੂ ਕਰ ਕੇ ਅਤੇ ਦੇਵਤਿਆਂ ਦੇ ਦੇਵਤਾ ਦੀ ਪੂਜਾ ਕਰਦੇ ਹੋਏ ਇਸ ਪੰਚਅਕਸ਼ਰੀ ਮੰਤਰ ਦਾ ਜਾਪ ਕਰਦਾ ਹੈ, ਹਰ ਤਰ੍ਹਾਂ ਦੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਮੋਕਸ਼ ਦੀ ਪ੍ਰਾਪਤੀ ਕਰਦਾ ਹੈ।

ਨੌਂਵਾਂ ਅਧਿਆਇ

भूतिरुद्राक्ष-संयुक्तो लिङ्गधारी सदा शुचिः।

पञ्चाक्षरजपोद्योगी शिवभक्त इति स्मृतः।।१।।

1. ਜੋ ਵਿਭੂਤੀ ਅਤੇ ਰੁਦਰਾਕਸ਼ ਨਾਲ ਸ਼ਿੰਗਾਰਿਆ ਹੁੰਦਾ ਹੈ, ਜਿਸ ਨੇ ਲਿੰਗ(ਇਸ਼ਟਲਿੰਗ) ਪਹਿਨਿਆ ਹੁੰਦਾ ਹੈ, ਜੋ ਹਮੇਸ਼ਾ ਸ਼ੁੱਧ ਰਹਿੰਦਾ ਹੈ ਅਤੇ ਜੋ ਪੰਚਅਕਸ਼ਰੀ ਦਾ ਜਾਪ ਕਰਦਾ ਹੈ ਉਸ ਨੂੰ ਸ਼ਿਵਭਗਤ ਕਿਹਾ ਜਾਂਦਾ ਹੈ।

श्रवणं कीर्तनं शम्भोः स्मरणं पादसेवनम्।

अर्चनं वन्दनं दास्यं सख्यमात्मनिवेदनम्।।२।।

2. ਸ਼੍ਰਵਣ, ਕੀਰਤਨ, ਸਮਰਣ, ਪਾਦੇਸ਼ੇਵਨਮ, ਅਰਚਨਾ, ਵੰਦਨਾ, ਦਾਸਿਆ, ਸਖਿਆ, ਆਤਮਨਿਵੇਦਮਨ, ਆਦਿ ਸ਼ੰਭੂ ਨਾਲ ਸਬੰਧਤ ਸ਼ਿਵਾ ਦੁਆਰਾ ਦੱਸੀ ਗਈ ਨੌਂ ਤਰ੍ਹਾਂ ਦੀ ਭਗਤੀ ਹੈ।

एवं नवविधा भक्तिः प्रोक्ता देवेन शम्भुना।

दुर्लभा पापिनां लोके सुलभा पुण्यकर्मणाम्।।३।।

3. ਇਹ ਪਾਪੀ ਇਨਸਾਨ ਵਾਸਤੇ ਗ੍ਰਹਿਣ ਕਰਨੀ ਮੁਸ਼ਕਿਲ ਹੈ ਪਰੰਤੂ ਚੰਗੇ ਗੁਣਾ ਵਾਲੇ ਇਨਸਾਨ ਵਾਸਤੇ ਸੌਖੀ ਹੈ।

अधमे चोत्तमे वापि यत्र कुत्रचिदूर्जिता।

वर्तते शाङ्करी भक्तिः स भक्त इति गीयते।।४।।

4. ਕੋਈ ਪ੍ਰਾਣੀ ਭਾਵੇ ਨੀਵੀਂ ਜਾਤ ਦਾ ਹੋਵੇ ਭਾਵੇਂ ਉੱਚੀ ਜਾਤ ਦਾ, ਜੇਕਰ ਉਹ ਸ਼ਿਵ ਭਗਤੀ ਵਿੱਚ ਸ਼ਰਧਾ ਰਖਦਾ ਹੈ, ਸ਼ਿਵ ਭਗਤ ਦੇ ਰੂਪ ਵਿੱਚ ਪ੍ਰਸਾਰਿਤ ਹੁੰਦਾ ਹੈ।

भक्तिः स्थिरीकृता यस्मिन् म्लेच्छे वा द्विजसत्तमे।

शम्भोः प्रियः स विप्रश्च न प्रियो भक्तिवर्जितः।।५।।

5. ਬ੍ਰਹਾਮਣ ਹੋਵੇ ਜਾਂ ਕੋਈ ਹੋਰ ਜਾਤ ਦਾ, ਜਿਸ ਵਿੱਚ ਪੱਕੀ ਭਗਤੀ ਹੋਵੇ ਸ਼ੰਭੂ ਨੂੰ ਪਿਆਰਾ ਹੁੰਦਾ ਹੈ ਅਤੇ ਬ੍ਰਾਹਮਣ ਹੁੰਦਾ ਹੈ, ਜੋ ਉਸ ਦਾ ਭਗਤ ਨਹੀਂ ਹੁੰਦਾ ਸ਼ਿਵਾ ਨੂੰ ਪਿਆਰਾ ਨਹੀਂ ਹੁੰਦਾ।

सा भक्तिर्द्विविधा ज्ञेया बाह्याभ्यन्तरभेदतः।

बाह्या स्थूलान्तरा सूक्ष्मा वीरमाहेश्वरादृता।।६।।

6. ਭਗਤੀ ਦੋ ਤਰ੍ਹਾਂ ਦੀ ਹੁੰਦੀ ਹੈ - ਅੰਦਰੂਨੀ ਅਤੇ ਬਾਹਰੀ। ਬਾਹਰਲੀ ਭਗਤੀ ਕੁੱਲ ਹੁੰਦੀ ਹੈ, ਅਤੇ ਅੰਦਰੂਨੀ ਸੂਖਮ ਅਤੇ ਦੋਵੇਂ ਵੀਰਮਹੇਸ਼ਵਰਾ ਨੂੰ ਪਿਆਰੀਆਂ ਹਨ।

सिंहासने शुद्धदेशे सुरम्ये रत्नचित्रिते।

शिवलिङ्गस्य पूजा या सा बाह्या भक्तिरुच्यते।।७।।

7. ਉਹ ਭਗਤੀ ਜੋ ਪਵਿੱਤਰ ਸਥਾਨ ਤੇ ਹੀਰਿਆਂ ਜੜੇ ਤਖਤ ਤੇ ਸ਼ਿਵਲਿੰਗ ਦੀ ਕੀਤੀ ਜਾਂਦੀ ਹੈ, ਉਹ ਬਾਹਰਲੀ ਭਗਤੀ ਹੁੰਦੀ ਹੈ।

लिङ्गे प्राणं समाधाय प्राणे लिङ्गं तु शाम्भवम्।

स्वस्थं मनस्तथा कृत्वा न किञ्चिच्चिन्तयेद्यदि।।८।।

8. ਜਦੋ ਕੋਈ ਆਪਣੇ ਜ਼ਰੂਰੀ ਸਾਹ(ਪ੍ਰਾਣ) ਸ਼ਿਵਲਿੰਗ ਤੇ ਕੇਂਦਰਿਤ ਕਰਦਾ ਹੈ ਅਤੇ ਸ਼ਿਵਲਿੰਗ ਹੀ ਜ਼ਰੂਰੀ ਸਾਹ ਹੈ, ਆਪਣੇ ਮਨ ਨੂੰ ਸਥਿਰ ਕਰਦਾ ਹੈ ਅਤੇ ਹੋਰ ਕੁਝ ਵੀ ਨਹੀਂ ਸੋਚਦਾ, ਇਸ ਤਰ੍ਹਾਂ ਦੀ ਭਗਤੀ ਨੂੰ ਯੋਗਿਨਾਂ ਦੁਆਰਾ ਅੰਦਰੂਨੀ ਭਗਤੀ ਕਿਹਾ ਜਾਂਦਾ ਹੈ।

साभ्यन्तरा भक्तिरिति प्रोच्यते शिवयोगिभिः।

सा यस्मिन् वर्तते तस्य जीवनं भ्रष्टबीजवत्।।९।।

9. ਜਿਨ੍ਹਾਂ ਦੀ ਜ਼ਿੰਦਗੀ ਵਿੱਚ ਇਸ ਤਰ੍ਹਾਂ ਦੀ ਭਗਤੀ ਦਾ ਵਾਸ ਹੁੰਦਾ ਹੈ ਇੱਕ ਭ੍ਰਿਸਟ ਬੀਜ ਦੀ ਤਰ੍ਹਾਂ ਹੁੰਦੇ ਹਨ।

बहुनात्र किमुक्तेन गुह्याद् गुह्यतरा परा।

शिवभक्तिर्न सन्देहस्तया युक्तो विमुच्यते।।१०।।

10. ਇਸ ਬਾਰੇ ਹੋਰ ਕੀ ਕਹਿਣਾ, ਸ਼ਿਵਭਗਤੀ ਹੀ ਉੱਤਮ ਹੈ ਅਤੇ ਹੋਰ ਸਭ ਸ਼ਪਸ਼ਟ ਚੀਜ਼ਾਂ ਨਾਲੋਂ ਵੀ ਸਪਸ਼ਟ ਹੈ। ਜੋ ਇਸ ਭਗਤੀ ਵਿੱਚ ਗ੍ਰਸਿਤ ਹੁੰਦਾ ਹੈ ਮੁਕਤ ਹੋ ਜਾਂਦਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ।

प्रसादादेव सा भक्तिः प्रसादो भक्तिसम्भवः।

यथैवाङ्कुरतो बीजं बीजतो वा यथाङ्कुरम्।।११।।

11. ਸ਼ਿਵ ਦੀ ਦਇਆ ਨਾਲ ਅਜਿਹੀ ਭਗਤੀ ਪੈਦਾ ਹੁੰਦੀ ਹੈ ਅਤੇ ਇਸ ਭਗਤੀ ਨਾਲ ਹੀ ਸ਼ਿਵਾ ਦੀ ਦਇਆ ਪ੍ਰਾਪਤ ਹੁੰਦੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਅੰਕੁਰ ਤੋਂ ਬੀਜ ਬਣਦਾ ਹੈ ਅਤੇ ਫਿਰ ਬੀਜ ਤੋਂ ਅੰਕੁਰ ਬਣਦਾ ਹੈ।

प्रसादपूर्विका येयं भक्तिर्मुक्तिविधायिनी।

नैव सा शक्यते प्राप्तुं नरैरेकेन जन्मना।।१२।।

12. ਜੋ ਭਗਤੀ ਸ਼ਿਵਾ ਦੀ ਦਇਆ ਨਾਲ ਸ਼ੁਰੂ ਹੁੰਦੀ ਹੈ ਅਤੇ ਜੋ ਮੁਕਤੀ ਦਾ ਕਾਰਣ ਬਣਦੀ ਹੈ, ਇੱਕ ਇਨਸਾਨ ਨੂੰ ਸਿਰਫ ਇੱਕ ਜਨਮ ਵਿੱਚ ਪ੍ਰਾਪਤ ਨਹੀਂ ਹੋ ਸਕਦੀ।

अनेकजन्मशुद्धानां श्रौतस्मार्तानुवर्तिनाम्।

विरक्तानां प्रबुद्धानां प्रसीदति महेश्वरः।।१३।।

13. ਮਹਾਨ ਮਾਲਕ ਉਹਨਾਂ ਪ੍ਰਕਾਸ਼ਵਾਨ ਲੋਕਾਂ ਤੇ ਦਇਆ ਕਰਦਾ ਹੈ ਜੋ ਕਈ ਜਨਮਾਂ ਤੋਂ ਬਾਅਦ ਪਵਿੱਤਰ ਹੋ ਜਾਂਦੇ ਹਨ, ਜੋ ਸ਼ਰੁਤੀ ਅਤੇ ਸਮਰਿਤੀ ਦਾ ਰਾਸਤਾ ਅਖਤਿਆਰ ਕਰਦੇ ਹਨ ਅਤੇ ਜੋ ਸਭ ਤਰ੍ਹਾਂ ਦੇ ਬੰਧਨਾਂ ਦਾ ਤਿਆਗ ਕਰਦੇ ਹਨ।

प्रसन्ने सति मुक्तोऽभून्मुक्तः शिवसमो भवेत्।

अल्पभक्त्यापि यो मर्त्यस्तस्य जन्मत्रयात्परम्।।१४।।

14. ਜਦੋਂ ਸ਼ਿਵਾ ਖੁਸ਼ ਹੋ ਜਾਂਦੇ ਹਨ ਇਸਸਾਨ ਆਜ਼ਾਦ ਹੋ ਜਾਂਦਾ ਹੈ, ਜੋ ਆਜ਼ਾਦ ਹੋ ਜਾਂਦਾ ਹੈ ਸ਼ਿਵਾ ਬਣ ਜਾਂਦਾ ਹੈ, ਉਹ ਪ੍ਰਾਣੀ ਜੋ ਥੋੜ੍ਹੀ ਜਿਹੀ ਵੀ ਭਗਤੀ ਕਰਦਾ ਹੈ ਤਿੰਨ ਜਨਮਾਂ ਤੋਂ ਬਾਅਦ ਆਜ਼ਾਦ ਹੋ ਜਾਂਦਾ ਹੈ।

न योनियन्त्रपीडा वै भवेन्नैवात्र संशयः।

साङ्गा न्यूना च या सेवा सा भक्तिरिति कथ्यते।।१५।।

15. ਜਨਮ ਦੇਣ ਵਾਲੇ ਅੰਗਾਂ ਨੂੰ ਬਿਲਕੁਲ ਕੋਈ ਤਕਲੀਫ ਨਹੀ ਹੁੰਦੀ। ਇਸ ਬਾਰੇ ਕੋਈ ਸ਼ੱਕ ਨਹੀਂ ਹੈ। ਜੋ ਸੇਵਾ ਇਹਨਾਂ ਨੌਂ ਪਹਿਲੂਆਂ ਤੋਂ ਬਣੀ ਹੁੰਦੀ ਹੈ ਅਤੇ ਕਿਸੇ ਵੀ ਪਹਿਲੂ ਤੋਂ ਵਾਂਝੀ ਨਹੀਂ ਹੁੰਦੀ, ਨੂੰ ਭਗਤੀ ਕਹਿੰਦੇ ਹਨ।

सा पुनर्भिद्यते त्रेधा मनोवाक्कायसाधनैः।

शिवरूपादिचिन्ता या सा सेवा मानसी स्मृता।

जपादि वाचिकी सेवा कर्मपूजा च कायिकी।।१६।।

16. ਇਹ ਸੇਵਾ ਵੀ ਸਾਧਨਾਂ ਜਿਵੇਂ ਮਨ, ਸ਼ਰੀਰ ਅਤੇ ਬੋਲਚਾਲ ਤੇ ਨਿਰਭਰਤਾ ਦੇ ਆਧਾਰ ਤੇ ਅੱਗੇ ਤਿੰਨ ਤਰ੍ਹਾਂ ਦੀ ਹੁੰਦੀ ਹੈ। ਸ਼ਿਵਾ ਦੇ ਅੰਤਰ ਧਿਆਨ ਨੂੰ ਮਾਨਸਿਕ ਸੇਵਾ ਕਹਿੰਦੇ ਹਨ, ਮੰਤਰਾਂ ਨੂੰ ਮਨ ਵਿੱਚ ਉਚਾਰਣ ਨੂੰ ਬੋਲਚਾਲ ਦੀ ਸੇਵਾ ਕਹਿੰਦੇ ਹਨ ਅਤੇ ਕਿਰਿਆਵਾਂ ਆਦਿ ਦੁਆਰਾ ਕੀਤੀ ਪੂਜਾ ਨੂੰ ਸ਼ਰੀਰਕ ਸੇਵਾ ਕਹਿੰਦੇ ਹਨ।

बाह्यमाभ्यन्तरं चैव बाह्याभ्यन्तरमेव वा।

मनोवाक्कायभेदैश्च त्रिधा तद्भजनं विदुः।।१७।।

17. ਇਹ ਸੇਵਾ(ਭਜਨ) ਜੋ ਕਿ ਮਾਨਸਿਕ, ਬੋਲਚਾਲ ਦੀ ਅਤੇ ਸ਼ਰੀਰਕ ਹੁੰਦੀ ਹੈ ਵੀ ਤਿੰਨ ਤਰ੍ਹਾਂ ਦੀ ਹੈ, ਬਾਹਰੀ (ਬਾਹਿਆ), ਅੰਦਰੂਨੀ (ਅਭਿਆਂਤਰਾ) ਅਤੇ ਅੰਦਰਬਾਹਰਲੀ (ਬਾਹਿਆਭਿਆਂਨਾਂਤਰ)।

मनो महेशध्यानाढ्यं नान्यध्यानरतं मनः।

शिवनामरता वाणी वाङ्मता चैव नेतरा।।१८।।

18. ਉਹ ਮਨ ਹੀ ਅਸਲੀ ਮਨ ਹੈ ਜੋ ਮਹਾਨ ਸ਼ਿਵਾ ਦੇ ਅੰਤਰਧਿਆਨ ਵਿੱਚ ਲੱਗਿਆ ਰਹਿੰਦਾ ਹੈ ਨਾਂ ਕਿ ਉਹ ਮਨ ਜੋ ਕਿ ਦੂਸਰਿਆਂ ਦੇ ਧਿਆਨ ਵਿੱਚ ਲੱਗਾ ਰਹਿੰਦਾ ਹੈ। ਉਹੀ ਬੋਲਚਾਲ ਅਸਲੀ ਬੋਲਚਾਲ ਹੈ ਜੋ ਸ਼ਿਵਾ ਦੇ ਨਾਮ ਦਾ ਗੁਣਗਾਣ ਕਰਦੀ ਹੈ ਨਾਂ ਕਿ ਕਿਸੇ ਹੋਰ ਦੇ ਨਾਮ ਦਾ।

लिङ्गैः शिवस्य चोद्दिष्टैस्त्रिपुण्ड्रादिभिरङ्कितः।

शिवोपचारनिरतः कायः कायो न चेतरः।।१९।।

19. ਉਹ ਸ਼ਰੀਰ ਜੋ ਸ਼ਿਵਾ ਦੇ ਨਿਸ਼ਾਨ (ਤ੍ਰਿਪੁੰਦਰਾ) ਨਾਲ ਰੰਗਿਆ ਹੁੰਦਾ ਹੈ ਅਤੇ ਜੋ ਸ਼ਿਵਾ ਦੀ ਸੇਵਾ ਨੂੰ ਸਮਰਪਿਤ ਰਹਿੰਦਾ ਹੈ ਹੀ ਅਸਲੀ ਸ਼ਰੀਰ ਹੈ ਨਾਂ ਕਿ ਕਿਸੇ ਹੋਰ ਦੀ ਸੇਵਾ ਵਿੱਚ।

अन्यात्मविदितं बाह्यं शम्भोरभ्यर्चनादिकम्।
तदेव तु स्वसंवेद्यमाभ्यन्तरमुदाहृतम्।
मनो महेशप्रवणं बाह्याभ्यन्तरमुच्यते।।२०।।

20. ਸ਼ਿਵ ਦੀ ਆਰਾਧਨਾ ਜੋ ਦੂਜਿਆਂ ਦੁਆਰਾ ਕੀਤੀ ਜਾਂਦੀ ਹੈ ਬਾਹਰੀ ਸੇਵਾ ਹੁੰਦੀ ਹੈ, ਜੋ ਅਸੀਂ ਕਰਦੇ ਹਾਂ ਉਹ ਅੰਦਰੂਨੀ ਸੇਵਾ ਹੁੰਦੀ ਹੈ। ਜੋ ਮਨ ਮਹਾਨ ਸ਼ਿਵਾ ਦੇ ਧਿਆਨ ਵਿੱਚ ਘਿਰਿਆ ਰਹਿੰਦਾ ਹੈ ਉਹ ਅੰਦਰੂਨੀ-ਬਾਹਰੀ ਸੇਵਾ ਹੁੰਦੀ ਹੈ।

पञ्चधा कथ्यते सद्भिस्तदेव भजनं पुनः।
तपः कर्म जपो ध्यानं ज्ञानं चेत्यनुपूर्वकम्।।२१।।

21. ਇਹ ਸੇਵਾ ਵੀ ਅੱਗੇ ਪੰਜ ਤਰ੍ਹਾਂ ਦੀ ਹੁੰਦੀ ਹੈ, ਜਿਵੇਂ ਤਪ, ਕਰਮ, ਜਪ(ਮੰਤਰਾਂ ਦਾ ਮਨ ਵਿੱਚ ਉਚਾਰਣ), ਧਿਆਨ ਅਤੇ ਗਿਆਨ।

शिवार्थे देहसंशोषस्तपः कृच्छ्रादि नो मतम्।
शिवार्चा कर्म विज्ञेयं बाह्यं यागादि नोच्यते।।२२।।

22. ਸ਼ਿਵਾ ਲਈ ਆਪਣੇ ਸ਼ਰੀਰ ਨੂੰ ਕਸ਼ਟ ਦੇਣ ਨੂੰ ਤਪ ਕਿਹਾ ਜਾਂਦਾ ਹੈ, ਸ਼ਿਵ ਦੀ ਆਰਾਧਨਾ ਨੂੰ ਕਰਮ(ਕਿਰਿਆ) ਕਹਿੰਦੇ ਹਨ, ਪਰ ਬਾਹਰੀ ਤਿਆਗ ਨੂੰ ਨਹੀਂ। ਜਪ(ਮੰਤਰਾਂ ਦਾ ਮਨ ਵਿੱਚ ਉਚਾਰਣ) ਪੰਚਅਕਸ਼ਰੀਮੰਤਰ ਜਾਂ ਓਮਕਾਰ ਜਾਂ ਰੁਦਰਧਿਆਇਆ ਆਦਿ ਦਾ ਬਾਰ ਬਾਰ ਉਚਾਰਣ ਕਰਨ ਨੂੰ ਕਹਿੰਦੇ ਹਨ, ਵੇਦਾਂ ਦੇ ਅਧਿਐਨ ਨੂੰ ਨਹੀਂ।

जपः पञ्चाक्षराभ्यासः प्रणवाभ्यास एव वा।
रुद्राध्यायादिकाभ्यासो न वेदाध्ययनादिकम्।।२३।।

23. ਸ਼ਿਵ ਦੇ ਰੂਪ ਨੂੰ ਮਨ ਵਿੱਚ ਧਿਆਉਣ ਨੂੰ ਅੰਤਰਧਿਆਨ ਕਹਿੰਦੇ ਹਨ ਨਾਂ ਕਿ ਆਪਣੇ ਧਿਆਨ ਨੂੰ।

ध्यानं शिवस्य रूपादिचिन्ता नात्मादिचिन्तनम्।
शिवागमार्थ-विज्ञानं ज्ञानं नान्यार्थवेदनम्।।
इति पञ्चप्रकारोऽयं शिवयज्ञः प्रकीर्तितः।।२४।।

24. ਸ਼ਿਵਆਗਮਾਂ ਦੀ ਜਾਣਕਾਰੀ ਨੂੰ ਗਿਆਨ ਕਹਿੰਦੇ ਹਨ ਨਾਂ ਕਿ ਕਿਸੇ ਹੋਰ ਤਰ੍ਹਾਂ ਦੀ ਜਾਣਕਾਰੀ ਨੂੰ। ਇਸ ਲਈ ਸ਼ੈਵ ਤਿਆਗ ਪੰਜ ਤਰ੍ਹਾਂ ਦਾ ਹੁੰਦਾ ਹੈ।

अनेन पञ्चयज्ञेन यः पूजयति शङ्करम्।
भक्त्या परमया युक्तः स वै भक्त इतीरितः।।२५।।

25. ਜੋ ਕੋਈ ਇਸ ਪੰ ਤਰ੍ਹਾਂ ਦੇ ਤਿਆਗ ਨਾਲ ਸ਼ਿਵ ਦੀ ਆਰਾਧਨਾ ਕਰਦਾ ਹੈ ਉਸ ਨੂੰ ਬੇਸ਼ੱਕ ਭਗਤ(ਸੱਚਾ ਸੇਵਕ) ਕਹਿੰਦੇ ਹਨ।

पूजनाच्छिवभक्तस्य पुण्या गतिरवाप्यते।

अवमानान्महाघोरो नरको नात्र संशयः।।२६।।

26. ਇਸ ਤਰ੍ਹਾਂ ਦੇ ਸ਼ਿਵ ਦੇ ਭਗਤ ਦੀ ਪੂਜਾ ਕਰਨ ਵਾਲਾ ਗੁਣਵਾਣ ਬਣ ਜਾਂਦਾ ਹੈ। ਅਤੇ ਉਸ ਦੀ ਅਵੱਗਿਆ ਕਰਨ ਵਾਲਾ ਨਰਕਾਂ ਦਾ ਭਾਗੀ ਬਣਦਾ ਹੈ।

शिवभक्तो महातेजाः शिवभक्तिपराङ्मुखान्।

न स्पृशेन्नैव वीक्षेत न तैः सह वसेत् क्वचित्।।२७।।

27. ਸ਼ਿਵ ਦਾ ਉਪਾਸਕ ਜੋ ਕਿ ਸ਼ਕਤੀਵਾਨ ਹੁੰਦਾ ਹੈ, ਨੂੰ ਉਹਨਾਂ ਨੂੰ ਛੂਹਣਾ ਜਾਂ ਉਹਨਾਂ ਵੱਲ ਵੇਖਣਾ ਵੀ ਨਹੀ ਚਾਹੀਂਦਾ ਜੋ ਸ਼ਿਵ ਦੀ ਉਪਾਸਨਾ ਦੇ ਉਲਟ ਕੰਮ ਕਰਦੇ ਹਨ। ਉਸ ਨੂੰ ਉਹਨਾਂ ਨਾਲ ਰਹਿਣਾ ਵੀ ਨਹੀਂ ਚਾਹੀਂਦਾ।

यदा दीक्षाप्रवेशः स्याल्लिङ्गधारणपूर्वकः।

तदाप्रभृति भक्तोऽसौ पूजयेत् स्वागमस्थितान्।।२८।।

28. ਜਦੋ ਕੋਈ ਇਸ਼ਟਲਿੰਗ ਪਹਿਨ ਕਰ ਕੇ ਦਿਕਸ਼ਾ ਵੱਲ ਨੂੰ ਪ੍ਰਸ਼ਥਾਨ ਕਰਦਾ ਹੈ ਤਾਂ ਭਗਤਾਂ ਨੂੰ ਉਹਨਾਂ ਦੀ ਪੂਜਾ ਕਰਨੀ ਚਾਹੀਂਦੀ ਹੈ ਜੋ ਆਗਮਾਂ ਦੀ ਪਰੰਪਰਾ ਨੂੰ ਸਮਰਪਿਤ ਹੁੰਦੇ ਹਨ।

स्वमार्गाचारनिरताः सजातीया द्विजास्तु ये।

तेषां गृहेषु भुञ्जीत नेतरेषां कदाचन।।२९।।

29. ਭਗਤਾਂ ਨੂੰ ਸਿਰਫ ਉਹਨਾਂ ਦਵਿੱਜਾਂ ਦੇ ਘਰ ਖਾਣਾ ਖਾਣਾ ਚਾਹੀਂਦਾ ਹੈ ਜੋ ਆਪਣੀਆਂ ਪਰੰਪਰਾਵਾਂ ਵਿੱਚ ਰੁੱਝੇ ਹੁੰਦੇ ਹਨ ਅਤੇ ਜੋ ਉਹਨਾਂ(ਭਗਤਾਂ) ਵਰਗੇ ਹੀ ਹੋਣ ਨਾਂ ਕਿ ਕਿਸੇ ਹੋਰ ਵਰਗੇ।

स्वमार्गाचारविमुखैर्भविभिः प्राकृतात्मभिः।

प्रेषितं सकलं द्रव्यमात्मलीनमपि त्यजेत्।।३०।।

30. ਉਸ ਨੂੰ ਸਾਰੇ ਉਹ ਪਦਾਰਥ ਛੱਡ ਦੇਣੇ ਚਾਹੀਂਦੇ ਹਨ ਜੋ ਉਹਨਾਂ ਦੁਆਰਾ ਭੇਜੇ ਗਏ ਹੋਣ ਜੋ ਅਸੱਭਿਅਕ ਹੋਣ ਅਤੇ ਜੋ ਆਪਣੀਆਂ ਹੀ ਪਰੰਪਰਾਵਾਂ ਨੂੰ ਮੰਨਦੇ ਹੋਣ, ਚਾਹੇ ਉਹ ਉਹਨਾਂ ਦੀ ਜਾਗੀਰ ਹੀ ਕਿਉਂ ਨਾਂ ਹੋਵੇ।

नार्चयेदन्यदेवांस्तु न स्मरेन्न च कीर्तयेत्।

न तन्नैवेद्यमश्नीयाच्छिवभक्तो दृढव्रतः।।३१।।

31. ਜੋ ਸ਼ਿਵ ਦਾ ਉਪਾਸਕ ਹੁੰਦਾ ਹੈ ਅਤੇ ਪੱਕੇ ਮਨ ਵਾਲਾ ਹੁੰਦਾ ਹੈ ਨੂੰ ਕਿਸੇ ਹੋਰ ਦੀ ਪੂਜਾ ਨਹੀਂ ਕਰਨੀ ਚਾਹੀਦੀ, ਨਾਂ ਹੀ ਉਹਨਾਂ ਨੂੰ ਧਿਆਨ ਵਿੱਚ ਲਿਆਉਣਾ ਚਾਹੀਂਦਾ ਹੈ,

ਨਾ ਉਹਨਾਂ ਦੀ ਪ੍ਰਸ਼ੰਸਾ ਕਰਨੀ ਚਾਹੀਂਦੀ ਹੈ ਅਤੇ ਨਾ ਹੀ ਉਹਨਾਂ ਦਾ ਦਿੱਤਾ ਖਾਣਾ ਚਾਹੀਂਦਾ ਹੈ।

यद्गृहेष्वन्यदेवोऽस्ति तद्गृहाणि परित्यजेत्।

नान्यदेवार्चकान् मर्त्यान् पूजाकाले निरीक्षयेत्।।३२।।

32. ਭਗਤਾਂ ਨੂੰ ਉਹਨਾਂ ਘਰਾਂ ਵਿੱਚ ਵੀ ਨਹੀਂ ਜਾਣਾ ਚਾਹੀਂਦਾ ਜਿੱਥੇ ਕਿਸੇ ਹੋਰ ਦੀ ਪੂਜਾ ਹੁੰਦੀ ਹੋਵੇ। ਸ਼ਿਵ ਦੀ ਪੂਜਾ ਕਰਦੇ ਸਮੇਂ ਉਹਨਾਂ ਇਨਸਾਨਾਂ ਨੂੰ ਵੇਖਣਾ ਵੀ ਨਹੀਂ ਚਾਹੀਂਦਾ ਜੋ ਕਿਸੇ ਹੋਰ ਦੀ ਪੂਜਾ ਕਰਦੇ ਹੋਣ।

सदा शिवैकनिष्ठानां वीरशैवाध्ववर्तिनाम्।

न हि स्थावरलिङ्गानां निर्माल्याद्युपयुज्यते।।३३।।

33. ਮੰਦਰਾਂ ਵਿੱਚ ਸਥਾਪਿਤ ਸ਼ਿਵਲਿੰਗਾਂ ਦਾ ਬਚਿਆ ਹੋਇਆ ਖਾਣਾ ਸ਼ਿਵ ਭਗਤਾਂ ਅਤੇ ਜੋ ਵੀਰਸ਼ੈਵ ਹੁੰਦੇ ਹਨ, ਉਹਨਾਂ ਨੇ ਨਹੀਂ ਖਾਣਾ ਹੁੰਦਾ ।

यत्र स्थावरलिङ्गानामपायः परिवर्तते।

अथवा शिवभक्तानां शिवलाञ्छनधारिणाम्।।३४।।

34. ਮੰਦਰਾਂ ਵਿੱਚ ਸਥਾਪਿਤ ਸ਼ਿਵਲਿੰਗਾਂ ਜਾਂ ਸ਼ੈਵ ਭਗਤਾਂ ਜਿਨ੍ਹਾਂ ਨੈ ਸ਼ੈਵ ਨਿਸ਼ਾਨ(ਰੁਦਰਾਕਸ਼, ਭਸਮ ਆਦਿ) ਪਹਿਨੇ ਹੋਣ, ਅਦਿ ਨੂੰ ਕੋਈ ਖਤਰਾ ਲਗਦਾ ਹੋਵੇ ਤਾਂ ਭਗਤਾਂ ਨੂੰ ਆਪਣੀ ਜਾਨ ਦੇ ਕੇ ਵੀ ਉਹਨਾਂ ਦੀ ਰੱਖਿਆ ਕਰਨੀ ਚਾਹੀਂਦੀ ਹੈ।

तत्र प्राणान् विहायापि परिहारं समाचरेत्।

शिवार्थं मुक्तजीवश्चेच्छिवसायुज्यमाप्नुयात्।।३५।।

35. ਜੇਕਰ ਇਸ ਤਰ੍ਹਾਂ ਕਰਨ ਨਾਲ ਸ਼ਿਵ ਕਰਕੇ ਉਹਨਾਂ ਦੀ ਜਾਨ ਵੀ ਚਲੀ ਜਾਂਦੀ ਹੈ ਤਾਂ ਉਹ ਸ਼ਿਵ ਨਾਲ ਇਕਮਿਕ ਹੋ ਜਾਂਦੇ ਹਨ।

शिवनिन्दाकरं दृष्ट्वा घातयेदथवा शपेत्।

स्थानं वा तत्परित्यज्य गच्छेद् यद्यक्षमो भवेत्।।३६।।

36. ਜੋ ਸ਼ਿਵ ਦਾ ਨਿਰਾਦਰ ਕਰਦੇ ਹਨ ਭਗਤਾਂ ਨੇ ਉਹਨਾਂ ਨੂੰ ਮਾਰ ਦੇਣਾ ਹੁੰਦਾ ਹੈ ਜਾਂ ਉਹਨਾਂ ਦਾ ਤ੍ਰਿਸਕਾਰ ਕਰਨਾ ਹੁੰਦਾ ਹੈ, ਜੇ ਉਹ ਇਸ ਤਰ੍ਹਾਂ ਨਾ ਕਰ ਸਕਣ ਤਾਂ ਉਹਨਾਂ ਨੇ ਉਸ ਜਗ੍ਹਾ ਨੂ ਛੱਡ ਕੇ ਚਲੇ ਜਾਣਾ ਹੁੰਦਾ ਹੈ।

यत्र चाचारनिन्दास्ति कदाचित्तत्र न व्रजेत्।

यद्गृहे शिवनिन्दास्ति तद्गृहाणि परित्यजेत्।।३७।।

37. ਜਿੱਥੇ ਕਿਤੇ ਵੀ ਧਾਰਮਿਕ ਕਿਰਿਆਵਾਂ ਦਾ ਨਿਰਾਦਰ ਹੁੰਦਾ ਹੈ ਭਗਤਾਂ ਨੂੰ ਉਥੇ ਨਹੀ ਜਾਣਾ ਚਾਹੀਂਦਾ ਅਤੇ ਜਿਸ ਘਰ ਵਿੱਚ ਸ਼ਿਵ ਦਾ ਨਿਰਾਦਰ ਹੁੰਦਾ ਹੈ ਉਸ ਘਰ ਵਿੱਚ ਜਾਣ ਤੋਂ ਵੀ ਗੁਰੇਜ ਕਰਨਾ ਚਾਹੀਂਦਾ ਹੈ।

यः सर्वभूताधिपतिं विश्वेशानं विनिन्दति।
न तस्य निष्कृतिः शक्या कर्तुं वर्षशतैरपि।।३८।।

38. ਜੋ ਸਭ ਦੇ ਮਾਲਕ, ਸ੍ਰਿਸ਼ਟੀ ਦੇ ਮਾਲਕ ਸ਼ਿਵ ਦਾ ਨਿਰਾਦਰ ਕਰਦੇ ਹਨ, ਉਹਨਾਂ ਦੁਆਰਾ ਸੌ ਸਾਲ ਵੀ ਕਿਸੇ ਤਰ੍ਹਾਂ ਦੀ ਪ੍ਰਾਪਤੀ ਨਹੀਂ ਹੁੰਦੀ।

शिवपूजापरो भूत्वा पर्वकर्म विसर्जयेत्।
अथवा पूर्वकर्म स्यात् सा पूजा निष्फला भवेत्।।३९।।

39. ਸ਼ਿਵ ਦੀ ਉਪਾਸਨਾ ਵਿੱਚ ਮਗਨ ਰਹਿਣ ਨਾਲ ਭਗਤ ਪਹਿਲਾਂ ਵਾਲਾ ਸਭ ਕੁਝ ਛੱਡ ਦਿੰਦੇ ਹਨ। ਅਤੇ ਜੇ ਉਹ ਇਹ ਸਭ ਨਾ ਛੱਡਣ ਤਾਂ ਸ਼ਿਵ ਦੀ ਪੂਜਾ ਬੇਅਰਥ ਹੋ ਜਾਂਦੀ ਹੈ।

उत्तमां गतिमाश्रित्य नीचां वृत्तिं समाश्रितः।
आरूढ - पतितो ज्ञेयः सर्वकर्मबहिष्कृतः।।४०।।

40. ਜੋ ਉਚੀ ਪਦਵੀ ਤੇ ਪਹੁੰਚਣ ਤੋਂ ਬਾਅਦ ਨੀਵੀਂ ਪਦਵੀ ਤੇ ਜਾਂਦਾ ਹੈ ਨੂੰ 'ਅਰਧਪਤਿਤ' ਕਿਹਾ ਜਾਂਦਾ ਹੈ ਅਤੇ ਉਹ ਸਾਰੀਆਂ ਧਾਰਮਿਕ ਕਿਰਿਆਵਾਂ ਤੋਂ ਵਾਂਝਾ ਹੋ ਜਾਂਦਾ ਹੈ।

पञ्चाक्षरोपदेशी च नरस्तुतिकरो यदि।
सोऽलिङ्गी सदुचारी कुकविः स तु विश्रुतः।।४१।।

41. ਜੋ ਭਗਤ ਆਪਣੇ ਗੁਰੁ ਤੋਂ ਪੰਚਅਕਸ਼ਰੀ ਮੰਤਰ ਗ੍ਰਹਿਣ ਕਰਦਾ ਹੈ, ਇਨਸਾਨਾਂ ਦੀ ਪ੍ਰਸੰਸ਼ਾ ਕਰਦਾ ਹੈ, ਉਹ ਬਿਨਾਂ ਲਿੰਗ ਵਾਲੇ ਪੁਰਸ਼ ਵਰਗਾ ਹੁੰਦਾ ਹੈ। ਉਹ ਬੁਰਾਈ ਵੱਲ ਨੂੰ ਜਾਂਦਾ ਹੈ, ਉਹ ਇੱਕ ਬੁਰਾ ਕਵੀ ਹੁੰਦਾ ਹੈ, ਅਤੇ ਸ਼ਾਸ਼ਤਰਾਂ ਦੇ ਗਿਆਨ ਤੋਂ ਵਾਂਝਾ ਮਨੁੱਖ ਹੁੰਦਾ ਹੈ।

चर्मपात्रे जलं तैलं न ग्राह्यं भक्ति-तत्परैः।
गृह्यते यदि भक्तेन रौरवं नरकं व्रजेत्।।४२।।

42. ਜੋ ਭਗਤੀ ਵਿੱਚ ਮਗਨ ਹੁੰਦੇ ਹਨ ਉਹ ਚਮੜੇ ਦੇ ਭਾਂਡੇ ਵਿਚ ਪਾਣੀ ਅਤੇ ਤੇਲ ਲੈ ਕੇ ਨਹੀਂ ਚਲਦੇ। ਅਤੇ ਜੇ ਉਹ ਇਸ ਤਰ੍ਹਾਂ ਕਰਦੇ ਹਨ ਉਹ ਨਰਕਾਂ ਦੇ ਭਾਗੀ ਬਣਦੇ ਹਨ।

न तस्य सूतकं किञ्चित्प्राणलिङ्गाङ्गसङ्गिनः।
जन्मनोत्थं मृतोत्थं च विद्यते परमार्थतः।।४३।।

43. ਉਹ ਭਗਤ ਜੋ ਪ੍ਰਾਣਲਿੰਗ ਨੂੰ ਆਪਣੀ ਆਤਮਾਂ ਮੰਨਦਾ ਹੈ ਉਸਨੂੰ ਜਨਮ ਜਾਂ ਮੌਤ ਵਰਗੀ ਕੋਈ ਅਸ਼ੁੱਧੀ(ਸੂਤਕ) ਤੰਗ ਨਹੀਂ ਕਰ ਸਕਦੀ।

लिङ्गार्चनरतायाश्च ऋतौ नार्या न सूतकम्।
तया प्रसूतिकायाश्च सूतकं नैव विद्यते।।४४।।

44. ਜੋ ਇਸਤਰੀ ਸ਼ਿਵਲਿੰਗ ਦੀ ਪੂਜਾ ਕਰਦੀ ਹੈ, ਉਹ ਮਾਹਵਾਰੀ ਸਮੇਂ ਵੀ ਅਸ਼ੁੱਧ ਨਹੀ ਹੁੰਦੀ। ਇਸੇ ਤਰ੍ਹਾਂ ਬੱਚਾ ਜਣਨ ਪ੍ਰਕਿਰਿਆ ਤੋਂ ਬਾਅਦ ਵੀ ਕੋਈ ਅਸ਼ੁੱਧੀ ਨਹੀਂ ਹੁੰਦੀ।

गृहे यस्मिन् प्रसूता स्त्री सूतकं नात्र विद्यते।

शिवपादाम्बु-संस्पर्शात् सर्वपापं प्रणश्यति।।४५।।

45. ਉਸ ਘਰ ਵਿੱਚ ਕੋਈ ਪ੍ਰਦੂਸ਼ਣ ਨਹੀਂ ਹੁੰਦਾ ਜਿੱਥੇ ਔਰਤ ਨੇ ਬੱਚੇ ਨੂੰ ਜਨਮ ਦਿੱਤਾ ਹੁੰਦਾ ਹੈ ਕਿਉਂਕਿ ਵਰਤਿਆ ਗਿਆ ਪਾਣੀ ਸ਼ਿਵ ਦੇ ਪੈਰਾਂ ਨਾਲ ਅੰਮ੍ਰਿਤ ਬਣ ਗਿਆ ਹੁੰਦਾ ਹੈ।

शिवस्थानानि तीर्थानि विशिष्टानि शिवार्चकः।

शिवयात्रोत्सवं नित्यं सेवेत परया मुदा।।४६।।

46. ਸ਼ਿਵ ਉਪਾਸਕ(ਸ਼ੈਵ) ਨੂੰ ਬੜੀ ਖੁਸ਼ੀ ਨਾਲ ਸ਼ਿਵ ਦੇ ਖਾਸ ਧਾਰਮਿਕ ਸਥਾਨਾਂ ਤੇ ਜਾਣਾ ਚਾਹੀਂਦਾ ਹੈ ਅਤੇ ਸ਼ਿਵ ਦੇ ਆਦਰ ਲਈ ਰੱਖੇ ਤਿਉਹਾਰਾਂ ਵਿੱਚ ਵੀ ਸ਼ਾਮਲ ਹੋਣਾ ਚਾਹੀਂਦਾ ਹੈ।

शिवक्षेत्रोत्सवमहायात्रादर्शनकाङ्क्षिणाम् ।

मार्गेऽन्नदानपानं च कुर्यान्माहेश्वरो जनः।।४७।।

47. ਮਹੇਸ਼ਵਰਾਂ ਦੁਆਰਾ ਰਾਸਤੇ ਵਿੱਚ ਉਹਨਾਂ ਲੋਕਾਂ ਲਈ ਖਾਣੇ ਅਤੇ ਪਾਣੀ ਦੀ ਸੇਵਾ ਕਰਨੀ ਚਾਹੀਂਦੀ ਹੈ ਜੋ ਸ਼ਿਵ ਦੇ ਧਾਰਮਿਕ ਸਥਾਨਾਂ ਤੇ ਜਾਂਦੇ ਹਨ ਅਤੇ ਸ਼ਿਵ ਦੇ ਆਦਰ ਵਾਲੇ ਤਿਉਹਾਰਾਂ ਵਿੱਚ ਜਾਂਦੇ ਹਨ।

नान्नतोयसमं दानं न चाहिंसापरं तपः।

तस्मान्महेश्वरो नित्यमन्नतोयप्रदो भवेत्।।४८।।

48. ਪਾਣੀ ਅਤੇ ਖਾਣੇ ਦੀ ਸੇਵਾ ਵਰਗੀ ਕੋਈ ਸੇਵਾ ਨਹੀਂ ਅਤੇ ਅਹਿੰਸਾ ਜਿਹੀ ਕੋਈ ਤਪੱਸਿਆ ਨਹੀਂ। ਇਸ ਲਈ ਮਹੇਸ਼ਵਰਾ ਨੂੰ ਹਮੇਸ਼ਾ ਪਾਣੀ ਅਤੇ ਖਾਣੇ ਦੀ ਸੇਵਾ ਕਰਨੀ ਚਾਹੀਂਦੀ ਹੈ।

स्वमार्गाचारवर्तिभ्यः स्वजातिभ्यः सदा व्रती।

दद्यात् तेभ्यः समादद्यात् कन्यां कुलसमुद्भवाम्।।४९।।

49. ਜਿਨ੍ਹਾਂ ਨੇ ਸ਼ਿਵਚਰ ਦੀ ਸਹੁੰ ਲਈ ਹੁੰਦੀ ਹੈ ਨੇ ਵੀਰਸ਼ੈਵ ਪਰਿਵਾਰ ਵਿੱਚ ਹੀ ਵਿਆਹ ਕਰਨਾ ਹੁੰਦਾ ਹੈ ਅਤੇ ਜਿਨਾਂ ਦਾ ਧਰਮ ਇੱਕੋ ਹੋਵੇ ਅਤੇ ਉਸ ਦ ਬਰਾਬਰ ਦਾ ਹੋਵੇ।

एवमाचारसंयुक्तो वीरशैवो महाव्रती।

पूजयेत्परया भक्तया गुरुं लिङ्गं च सन्ततम्।।५०

50. ਵੀਰਸ਼ੈਵ ਜਿਸ ਨੂੰ 'ਮਹਾਂਵਰਤਿਨ'(ਜਿਸ ਨੇ ਮਹਾਨ ਵਰਤ ਰੱਖਿਆ ਹੋਵੇ) ਵੀ ਕਹਿੰਦੇ ਹਨ ਅਤੇ ਜੋ ਕਿ ਉਕਤ ਲਿਖੀਆਂ ਵਿਧੀਆਂ ਨੂੰ ਮੰਨਦਾ ਹੋਵੇ, ਨੇ ਹਮੇਸ਼ਾ ਗੁਰੂ ਅਤੇ ਲਿੰਗ ਦੀ ਪੂਜਾ ਅਤਿਅੰਤ ਸ਼ਰਧਾ ਨਾਲ ਕਰਨੀ ਹੁੰਦੀ ਹੈ।

गुरोरभ्यर्चनेनापि साक्षादभ्यर्चितः शिवः।
तयोर्नास्ति भिदा किञ्चिदेकत्वात् तत्त्वरूपतः।।५१।।

51. ਗੁਰੁ ਦੀ ਪੂਜਾ ਕਰਨ ਨਾਲ ਹੀ ਅਸਲ ਵਿੱਚ ਸ਼ਿਵ ਦੀ ਪੂਜਾ ਹੁੰਦੀ ਹੈ। ਦੋਵਾਂ ਵਿੱਚ ਕੋਈ ਫਰਕ ਨਹੀਂ ਕਿਉਂਕਿ ਉਹ ਧਾਰਮਿਕ ਤੌਰ ਤੇ ਇੱਕਰੂਪ ਹਨ।

यथा देवे जगन्नाथे सर्वानुग्रहकारके।
तथा गुरुवरे कुर्यादुपचारान् दिने दिने।।५२।।

52. ਜਿਵੇਂ ਕਿ ਮਹਾਨ ਮਾਲਕ ਸ਼ਿਵਾ ਦੇ ਸੰਦਰਭ ਵਿੱਚ ਵੀ ਇਹ ਸਹੀ ਹੈ, ਜੋ ਸਭ ਦਾ ਪੱਖ ਕਰਦਾ ਹੈ, ਇਸੇ ਤਰ੍ਹਾਂ ਗੁਰੁ ਵੀ ਹੈ। ਭਗਤ ਨੂੰ ਹਰ ਰੋਜ ਹਰ ਤਰ੍ਹਾਂ ਦੀ ਪੂਜਾ ਕਰਨੀ ਚਾਹੀਂਦੀ ਹੈ।

अप्रत्यक्षो महादेवः सर्वेषामात्ममायया।
प्रत्यक्षो गुरुरूपेण वर्तते भक्तिसिद्धये।।५३।।

53. ਮਹਾਨ ਭਗਵਾਨ ਸ਼ਿਵ ਜੀ ਮਹਾਰਾਜ ਆਪਣੀ ਮਾਇਆਸ਼ਕਤੀ ਕਰਕੇ ਸਭ ਤੋਂ ਅਦ੍ਰਿਸ਼ ਰਹਿੰਦੇ ਹਨ। ਭਗਤਾਂ ਦੀ ਭਗਤੀ ਦੀ ਪੂਰਤੀ ਲਈ ਉਹ ਗੁਰੁ ਦੇ ਰੂਪ ਵਿੱਚ ਪ੍ਰਗਟ ਹੁੰਦੇ ਹਨ।

शिवज्ञानं महाघोरसंसारार्णवतारकम्।
दीयते येन स गुरुः कस्य वन्द्यो न जायते।।५४।।

54. ਕੌਣ ਨਹੀਂ ਚਾਹੁੰਦਾ ਕਿ ਗੁਰੁ ਨੂੰ ਨਮਸ਼ਕਾਰ ਕੀਤਾ ਜਾਵੇ? ਗੁਰੁ ਉਹ ਹੂੰਦਾ ਹੈ ਜੋ ਸ਼ਿਵ ਦੇ ਗਿਆਨ ਨਾਲ ਇਸ ਸੰਸਾਰ ਦੇ ਭਿਓਨਕ ਸਮੁੰਦਰ ਨੂੰ ਪਾਰ ਕਰਨ ਵਿੱਚ ਮਦਦ ਕਰਦਾ ਹੈ।

यत्कटाक्षकलामात्रात् परमानन्दलक्षणम्।
लभ्यते शिवरूपत्वं स गुरुः केन नार्चितः?।।५५।।

55. ਗੁਰੁ ਉਹ ਹੈ ਜਿਸ ਦੇ ਪ੍ਰਕਾਸ਼ ਦੀ ਇੱਕ ਝਲਕ ਮਾਤਰ ਨਾਲ ਹੀ ਸ਼ਿਵ ਦੇ ਆਤਮਿਕ ਦਰਸ਼ਨ ਹੋ ਜਾਂਦੇ ਹਨ, ਜੋ ਕਿ ਸਰਵਉਚ ਆਸ਼ੀਸ਼ ਦਾ ਪ੍ਰਤੀ ਹੈ ਅਤੇ ਜੋ ਮਹਿਸੂਸ ਹੁੰਦਾ ਹੈ। ਅਜਿਹੇ ਗੁਰੁ ਦੀ ਪੂਜਾ ਕੌਣ ਨਹੀਂ ਕਰਨਾ ਚਾਹੇਗਾ?

हितमेव चरेन्नित्यं शरीरेण धनेन च।
आचार्यस्योपशान्तस्य शिवज्ञानमहानिधेः।।५६।।

56. ਇੱਕ ਸਿਆਣਾ ਭਗਤ ਜਿਸ ਵਿੱਚ ਸੁਤੰਤਰ ਹੋਣ ਦੀ ਤਾਂਘ ਹੁੰਦੀ ਹੈ, ਨੂੰ ਆਪਣੇ ਤਨ ਅਤੇ ਧਨ ਨਾਲ ਉਸ ਗੁਰੁ ਨੂੰ ਨਮਸ਼ਕਾਰ ਕਰਨਾ ਚਾਹੀਂਦਾ ਹੈ ਜੋ ____ ਹੈ ਅਤੇ ਸ਼ਿਵ ਜੀ ਮਹਾਰਾਜ ਦੇ ਗਿਆਨ ਦਾ ਸਾਗਰ ਹੁੰਦਾ ਹੈ।

गुरोराज्ञां न लङ्घेत सिद्धिकामो महामतिः।
तदाज्ञालङ्घनेनापि शिवाज्ञाच्छेदको भवेत्।।५७।।

57. ਉਸ ਗੁਰੁ ਦੇ ਹੁਕਮ ਦੀ ਅਵੱਗਿਆ ਸ਼ਿਵ ਜੀ ਦੀ ਅਵੱਗਿਆ ਦੇ ਸਮਾਨ ਹੁੰਦੀ ਹੈ।

यथा गुरौ यथा लिङ्गे भक्तिमान् परिवर्तते।

जङ्गमे च तथा नित्यं भक्तिं कुर्याद्विचक्षणः।।५८।।

58. ਜਿਵੇਂ ਕਿ ਇੱਕ ਸੱਚਾ ਭਗਤ ਗੁਰੁ ਅਤੇ ਸ਼ਿਵਲਿੰਗ ਵਿੱਚ ਸੱਚੀ ਸ਼ਰਧਾ ਰੱਖਦਾ ਹੈ, ਇਸੇ ਤਰ੍ਹਾਂ ਉਹ ਜੰਗਮ ਪ੍ਰਤੀ ਵੀ ਹਮੇਸ਼ਾ ਆਪਣੀ ਸ਼ਰਧਾ ਰੱਖਦਾ ਹੈ।

एक एव शिवः साक्षात् सर्वानुग्रहकारकः।

गुरुजङ्गमलिङ्गात्मा वर्तते भुक्तिमुक्तिदः।।५९।।

59. ਸ਼ਿਵ ਜੋ ਕਿ ਇੱਕੋਇੱਕ ਸਭ ਦਾ ਪੱਖ ਕਰਨ ਵਾਲੇ ਭਗਵਾਨ ਹਨ, ਗੁਰੁ, ਲਿੰਗ ਅਤੇ ਜੰਗਮ ਦੇ ਰੂਪ ਵਿੱਚ ਪ੍ਰਸੰਨਤਾ ਅਤੇ ਸੁਤੰਤਰਤਾ ਦੇਣ ਵਾਲੇ ਹਨ।

लिङ्गं च द्विविधं प्रोक्तं जङ्गमाजङ्गमात्मना।

अजङ्गमे यथा भक्तिर्जङ्गमे च तथा स्मृता।।६०।।

60. ਲਿੰਗ ਦੋ ਤਰ੍ਹਾਂ ਦਾ ਹੁੰਦਾ ਹੈ, ਜੰਗਮ(ਅਸਥਿਰ) ਅਤੇ ਅਜੰਗਮ(ਸਥਿਰ)। ਸ਼ਾਸ਼ਤਰਾਂ ਵਿੱਚ ਦੱਸਿਆ ਗਿਆ ਹੈ ਕਿ ਜੰਗਮਲਿੰਗ ਦੀ ਆਰਾਧਨਾ ਅਜੰਗਮਲਿੰਗ ਦੀ ਅਰਾਧਨਾ ਦੇ ਬਰਾਬਰ ਹੈ।

अजङ्गमं तु यल्लिङ्गं मृच्छिलादिविनिर्मितम्।

तद्वरं जङ्गमं लिङ्गं शिवयोगीति विश्रुतम्।।६१।।

61. ਅਜੰਗਮਲਿੰਗ ਉਹ ਹੈ ਜੋ ਮਿੱਟੀ ਜਾਂ ਪੱਥਰ ਦਾ ਬਣਿਆ ਹੁੰਦਾ ਹੈ। ਇਸ ਤੋਂ ਉੱਤਮ ਜੰਗਮਲਿੰਗ ਹੁੰਦਾ ਹੈ ਜਿਸ ਨੂੰ 'ਸ਼ਿਵਜੋਗਿਨ' ਦੇ ਨਾਮ ਨਾਲ ਜਾਣਦੇ ਹਨ।

अचरे मन्त्रसंस्कारा लिङ्गे वसति शङ्करः।

सदाकालं वसत्येव चरलिङ्गे महेश्वरः।।६२।।

62. ਆਕਾਰਲਿੰਗ(ਅਜੰਗਮ) ਵਿੱਚ ਸ਼ੰਕਰ ਮੰਤਰਾਂ ਦੇ ਪ੍ਰਭਾਵ ਕਰਕੇ ਵਾਸ ਕਰਦੇ ਹਨ। ਕਾਰਲਿੰਗ(ਜੰਗਮ) ਵਿੱਚ ਮਹਾਨ ਪ੍ਰਭੂ ਹਮੇਸ਼ਾ ਵਾਸ ਕਰਦੇ ਹਨ।

शिवयोगिनि यद्दत्तं तदक्षयफलं भवेत्।

तस्मात्सर्वप्रयत्नेन तस्मै देयं महात्मने।।६३।।

63. ਸ਼ਿਵਜੋਗਿਨ ਨੂੰ ਜੋ ਵੀ ਤੋਹਫਾ ਦਿੱਤਾ ਜਾਂਦਾ ਹੈ ਉਸ ਦਾ ਅਸੀਮਤ ਫਲ ਮਿਲਦਾ ਹੈ। ਇਸ ਲਈ ਹਰ ਕੋਸ਼ਿਸ਼ ਕਰਕੇ ਉਸ ਨੂੰ ਤੋਹਫਾ ਦੇਣਾ ਚਾਹੀਂਦਾ ਹੈ।

यत्फलं लभते जन्तुः पूजया शिवयोगिनः।

तदक्षयमिति प्रोक्तं सकलागमपारगैः।।६४।।

64. ਇੱਕ ਇਨਸਾਨ ਜੋ ਸ਼ਿਵਯੋਗਿਨ ਦੀ ਪੂਜਾ ਤੋਂ ਬਾਅਦ ਫਲ ਪ੍ਰਾਪਤ ਕਰਦਾ ਹੈ ਉਹ ਅਸੀਮਤ ਹੁੰਦਾ ਹੈ ਇਹ ਆਗਮਾਂ ਦੇ ਜਾਣਕਾਰ ਕਹਿੰਦੇ ਹਨ।

नावमन्येत कुत्रापि शिवयोगिनमागतम्।

अवमानाद्भवेत्तस्य दुर्गतिश्च न संशयः।।६५।।

65. ਜੰਗਮ (ਸ਼ਿਵਯੋਗਨ) ਜਿੱਥੇ ਵੀ ਜਾਣ ਕਿਸੇ ਨੂੰ ਉਹਨਾਂ ਦਾ ਅਨਾਦਰ ਨਹੀਂ ਕਰਨਾ ਚਾਹੀਂਦਾ । ਉਹਨਾਂ ਦਾ ਅਨਾਦਰ ਕਰਨ ਵਾਲਾ ਬੇਸ਼ੱਕ ਨਰਕਾਂ ਦਾ ਭਾਗੀ ਬਣਦਾ ਹੈ।

शिवयोगी शिवः साक्षादिति कैङ्कर्यभक्तितः।

पूजयेदादरेणैव यथा लिङ्गं यथागुरुम्।।६६।।

66. ਇਹ ਸਮਝਦੇ ਹੋਏ ਅਤੇ ਪੂਰੀ ਸ਼ਰਧਾ ਨਾਲ ਸੇਵਾ ਕਰਦੇ ਹੋਏ ਕਿ ਸ਼ਿਵਯੋਗਿਨ ਹੀ ਸ਼ਿਵ ਦਾ ਰੂਪ ਹੈ, ਇੱਕ ਭਗਤ ਨੂੰ ਉਸ ਦੀ ਪੂਜਾ ਇਸ ਤਰ੍ਹਾਂ ਕਰਨੀ ਚਾਹੀਂਦੀ ਹੈ ਜਿਵੇਂ ਕਿ ਉਹ ਸ਼ਿਵਲਿੰਗ ਜਾਂ ਗੁਰੂ ਦੀ ਪੂਜਾ ਕਰ ਰਿਹਾ ਹੋਵੇ।

पादोदकं यथा भक्त्या स्वीकरोति महेशितुः।

तथा शिवात्मनोर्नित्यं गुरुजङ्गमयोरपि।।६७।।

67. ਜਿਵੇਂ ਇੱਕ ਭਗਤ ਭਗਵਾਨ ਦਾ 'ਪਦੋਦਕਾ' ਗ੍ਰਹਿਣ ਕਰਦਾ ਹੈ, ਇਸੇ ਤਰ੍ਹਾਂ ਉਸ ਨੂੰ ਗੁਰੂ ਅਤੇ ਜੰਗਮ ਜੋ ਕਿ ਸ਼ਿਵ ਦੇ ਹੀ ਰੂਪ ਹਨ, ਨੂੰ ਗ੍ਰਹਿਣ ਕਰਨਾ ਚਾਹੀਂਦਾ ਹੈ।

सर्वमङ्गलमाङ्गल्यं सर्वपावनपावनम्।

सर्वसिद्धिकरं पुंसां शम्भोः पादाम्बुधारणम्।।६८।।

68. ਸ਼ਿਵ(ਸ਼ਿਵਲਿੰਗ) ਦੇ ਪਦੋਦਕਾ ਦਾ ਸਿਰ ਤੇ ਛਿੜਕਾਓ ਸ਼ੁਭ ਚੀਜਾਂ ਲਈ ਸ਼ੁਭ ਹੁੰਦਾ ਹੈ, ਪਵਿੱਤਰ ਚੀਜਾਂ ਲਈ ਪਵਿੱਤਰ ਹੁੰਦਾ ਹੈ ਅਤੇ ਇਨਸਾਨਾ ਲਈ ਸਭ ਤਰ੍ਹਾਂ ਦੀਆਂ ਪ੍ਰਾਪਤੀਆਂ ਲਿਆਉਂਦਾ ਹੈ।

शिरसा धारयेद्यस्तु पत्रं पुष्पं शिवार्पितम्।

प्रतिक्षणं भवेत्तस्य पौण्डरीकक्रियाफलम्।।६९।।

69. ਸ਼ਿਵ ਨੂੰ ਸਮਰਪਿਤ ਪੱਤਿਆਂ ਜਾਂ ਫੁੱਲਾਂ ਨੂੰ ਜੋ ਆਪਣੇ ਸਿਰ ਤੇ ਪਹਿਨਦਾ ਹੈ ਪੌਂਡਰੀਕ ਦੇ ਫਲ ਉਸ ਲਈ ਖੁਸ਼ੀ ਲਿਆਉਂਦੇ ਹਨ।

भुञ्जीयाद् रुद्रभुक्तान्नं रुद्रपीतं जलं पिबेत्।

रुद्राघ्रातं सदा जिघ्रेदिति जाबालिकी श्रुतिः।।७०।।

70. ਭਗਤਾਂ ਤੇ ਰੁਦਰਾ ਨੂੰ ਦਿੱਤਾ ਹੋਇਆ ਖਾਣਾ ਖਾਣਾ ਚਾਹੀਂਦਾ ਹੈ, ਰੁਦਰਾ ਨੂੰ ਦਿੱਤਾ ਹੋਇਆ ਪਾਣੀ ਪੀਣਾ ਚਾਹੀਂਦਾ ਹੈ ਔ ਰੁਦਰਾ ਨੂੰ ਦਿੱਤੀ ਹੋਈ ਚੀਜ਼ ਹੀ ਸੁੰਘਣੀ ਚਾਹੀਂਦੀ ਹੈ। ਜਬਾਲੋਪਨਿਸ਼ਦ ਵਿੱਚ ਇਹ ਸਿੱਖਿਆ ਦਿੱਤੀ ਗਈ ਹੈ।

अर्पयित्वा निजे लिङ्गे पत्रं पुष्पं फलं जलम्।

अन्नाद्यं सर्वभोज्यं च स्वीकुर्याद् भक्तिमान्नरः।।७१।।

71. ਜੋ ਭਗਤੀ ਵਿੱਚ ਰੰਗਿਆ ਹੁੰਦਾ ਹੈ, ਨੂੰ ਸਭ ਖਾਣੇ ਭਾਵ ਭੋਜਨ, ਪੱਤੇ, ਫੁੱਲ ਜਾਂ ਪਾਣੀ ਆਦਿ ਇਸ਼ਟਲਿੰਗ ਨੂੰ ਸਮਰਪਿਤ ਕਰ ਕੇ ਖਾਣੇ ਚਾਹੀਂਦੇ ਹਨ।

गुरुत्वात् सर्वभूतानां शम्भोरमिततेजसः।

तस्मै निवेदितं सर्वं स्वीकार्यं तत्परायणैः।।७२।।

72. ਕਿਉਂਕਿ ਅਨੰਤ ਜੋਤੀ ਦਾ ਮਾਲਕ ਸ਼ਿਵ ਸ਼ੰਭੂ ਜੋ ਕਿ ਸਭ ਦਾ ਗੁਰੂ ਹੈ, ਸਾਰੇ ਜੋ ਉਸ ਨੂੰ ਸਮਰਪਿਤ ਹਨ ਨੂੰ ਉਸ ਦੇ ਭਗਤਾਂ ਨਾਲ ਸਾਂਝ ਕਰਨੀ ਚਾਹੀਂਦੀ ਹੈ।

ये लिङ्गधारिणो लोके ये शिवैकपरायणाः।

तेषां तु शिवनिर्माल्यमुचितं नान्यजन्तुषु।।७३।।

73. ਸ਼ਿਵ ਦਾ ਪ੍ਰਸ਼ਾਦ(ਨਿਰਮਿਲਿਆ) ਉਹਨਾਂ ਲਈ ਸਹੀ ਹੈ ਜਿਨ੍ਹਾਂ ਨੇ ਲਿੰਗ ਪਹਿਨਿਆਂ ਹੁੰਦਾ ਹੈ ਜਾਂ ਜੋ ਸ਼ਿਵਾ ਨੂੰ ਸਮਰਪਿਤ ਹਨ ਨਾਂ ਕਿ ਸਾਰਿਆਂ ਲਈ।

अन्नजाते तु भक्तेन भुज्यमाने शिवार्पिते।

सिक्थे सिक्थेऽश्वमेधस्य यत्फलं तदवाप्यते।।७४।।

74. ਜਦੋਂ ਪੂਰੀ ਤਰ੍ਹਾਂ ਪਕਾਏ ਭੋਜਨ ਰੂਪੀ ਦਾਣੇ ਸ਼ਿਵ ਨੂੰ ਚੜ੍ਹਾਏ ਜਾਂਦੇ ਹਨ ਉਹ ਹੀ ਭਗਤ ਖਾਂਦੇ ਹਨ ਤਾਂ ਜੋ ਅਸ਼ਵਮੇਧ ਯੱਗ ਦਾ ਫਲ ਹੁੰਦਾ ਹੈ ਉਹੀ ਉਹਨਾਂ ਨੂੰ ਮਿਲਦਾ ਹੈ।

निर्माल्यं निर्मलं शुद्धं शिवेन स्वीकृतं यतः।

निर्मलैस्तत्परैर्धार्यं नान्यैः प्राकृतजन्तुभिः।।७५।।

75. ਪ੍ਰਸ਼ਾਦ ਇਸ ਲਈ ਪਵਿੱਤਰ ਅਤੇ ਸ਼ੁੱਧ ਹੁੰਦਾ ਹੈ ਕਿਉਂਕਿ ਇਹ ਸ਼ਿਵਾ ਨੇ ਪ੍ਰਵਾਨ ਕੀਤਾ ਹੁੰਦਾ ਹੈ। ਇਹ ਪ੍ਰਸ਼ਾਦ ਉਹਨਾਂ ਪਵਿੱਤਰ ਲੋਕਾਂ ਨੇ ਹੀ ਲੈਣਾ ਹੁੰਦਾ ਹੈ ਜੋ ਸ਼ਿਵ ਨੂੰ ਸਮਰਪਿਤ ਹੁੰਦੇ ਹਨ ਅਤੇ ਨਾਂ ਕੇ ਉਹਨਾਂ ਲੋਕਾਂ ਨੇ ਜੋ ਪਵਿੱਤਰ ਨਹੀਂ ਹੁੰਦੇ।

शिव-भक्तिविहीनानां जन्तूनां पापकर्मणाम्।

विशुद्धे शिवनिर्माल्ये नाधिकारोऽस्ति कुत्रचित्।।७६।।

76. ਜੋ ਲੋਕ ਪਾਪ ਵਾਲੀਆਂ ਕਿਰਿਆਵਾਂ ਵਿੱਚ ਰੁੱਝੇ ਹੁੰਦੇ ਹਨ ਅਤੇ ਸ਼ਿਵ ਦੀ ਭਗਤੀ ਤੋਂ ਰਹਿਤ ਹੁੰਦੇ ਹਨ, ਉਹਨਾਂ ਕੋਲ ਸ਼ਿਵਾ ਦੇ ਇਸ ਪਵਿੱਤਰ ਪ੍ਰਸ਼ਾਦ ਪ੍ਰਾਪਤ ਕਰਨ ਦੀ ਕੋਈ ਯੋਗਤਾ ਨਹੀਂ ਹੁੰਦੀ।

शिवलिङ्गप्रसादस्य स्वीकाराद्यत्फलं भवेत्।

तथा प्रसादस्वीकाराद् गुरुजङ्गमयोरपि।।७७।।

77. ਜੋ ਫਲ ਸ਼ਿਵਲਿੰਗ(ਇਸ਼ਟਲਿੰਗ) ਦੇ ਪ੍ਰਸ਼ਾਦ ਨੂੰ ਗ੍ਰਹਿਣ ਕਰਨ ਤੇ ਮਿਲਦਾ ਹੈ ਉਹੀ ਫਲ ਗੁਰੂ ਅਤੇ ਜੰਗਮ ਦੇ ਪ੍ਰਸ਼ਾਦ ਗ੍ਰਹਿਣ ਕਰਨ ਤੇ ਮਿਲਦਾ ਹੈ।

तस्माद् गुरुं महादेवं शिवयोगिनमेव च।

पूजयेत् तत्प्रसादान्नं भुञ्जीयात् प्रतिवासरम्।।७८।।

78. ਇਸ ਲਈ ਸਾਨੂੰ ਗੁਰੂ, ਲਿੰਗ ਅਤੇ ਜੰਗਮ ਦੀ ਪੂਜਾ ਕਰਨੀ ਚਾਹੀਂਦੀ ਹੈ ਉਹਨਾਂ ਦੇ ਪ੍ਰਸ਼ਾਦ ਦੇ ਰੂਪ ਵਿੱਚ ਭੋਜਨ ਖਾਣਾ ਚਾਹੀਂਦਾ ਹੈ।

शिवलिङ्गे शिवाचार्ये शिवयोगिनि भक्तिमान्।

दानं कुर्याद्यथाशक्ति तत्प्रसादयुतः सदा।।७९।।

79. ਇੱਕ ਭਗਤ ਜੋ ਪ੍ਰਸ਼ਾਦ ਗ੍ਰਹਿਣ ਕਰਦਾ ਹੈ, ਨੂੰ ਸ਼ਿਵਲਿੰਗ, ਸ਼ਿਵਆਚਾਰਿਆ ਅਤੇ ਜੰਗਮ ਨੂੰ ਆਪਣੀ ਯੋਗਤਾ ਅਨੁਸਾਰ ਤੋਹਫੇ ਦੇਣੇ ਚਾਹੀਂਦੇ ਹਨ।

दानं च त्रिविधं प्रोक्तं सोपाधिनिरुपाधिकम्।

सहजं चेति सर्वेषां सर्व - तन्त्रविशारदैः।।८०।।

80. ਦਾਨ ਤਿੰਨ ਤਰਾਂ ਦਾ ਹੁੰਦਾ ਹੈ, ਸੋਪਾਧੀ ਦਾ ਦਾਨ, ਨਿਰੁਪਾਧੀ ਦਾ ਦਾਨ ਅਤੇ ਸਹਿਜ ਦਾਨ। ਸਾਰੇ ਆਗਮਾਂ ਵਿੱਚ ਸਿੱਧਾਂ ਦੁਆਰਾ ਭਗਤਾ ਲਈ ਇਹ ਦੱਸਿਆ ਗਿਆ ਹੈ।

फलाभिसन्धि-संयुक्तं दानं यद्विहितं भवेत्।

तत् सोपाधिकमाख्यातं मुमुक्षुभिरनाहतम्।।८१।।

81. ਕਿਸੇ ਤਰਾਂ ਦੇ ਫਲ ਦੀ ਪ੍ਰਾਪਤੀ ਲਈ ਕੀਤਾ ਗਿਆ ਦਾਨ ਸੋਪਾਧੀ ਦਾਨ ਕਹਾਉਂਦਾ ਹੈ। ਇਹ ਉਹਨਾਂ ਦੁਆਰਾ ਨਹੀਂ ਦਿੱਤਾ ਜਾਂਦਾ ਜੋ ਸੁਤੰਤਰਤਾ ਦੀ ਇੱਛਾ ਰੱਖਦੇ ਹਨ।

फलाभिसन्धिनिर्मुक्तमीश्वरार्पितकाङ्क्षितम् ।

निरुपाधिकमाख्यातं दानं दानविशारदैः।।८२।।

82. ਜੋ ਦਾਨ ਕਿਸੇ ਵੀ ਤਰ੍ਹਾਂ ਦੀ ਇੱਛਾ ਤੋਂ ਪ੍ਰੇਰਿਤ ਨਹੀਂ ਹੁੰਦਾ ਅਤੇ ਸਿਰਫ ਸ਼ਿਵ ਨੂੰ ਧਿਆਨ ਵਿੱਚ ਰੱਖ ਕੇ ਦਿੱਤਾ ਜਾਂਦਾ ਹੈ ਉਸ ਨੂੰ ਦਾਨ ਦੇ ਸਿੱਧ ਗੁਰੂਆਂ ਦੁਆਰਾ ਨਿਰੁਪਾਧੀ ਦਾ ਦਾਨ ਕਿਹਾ ਜਾਂਦਾ ਹੈ।

आदातृदातृदेयानां शिवभावं विचिन्तयन्।

आत्मनोऽकर्तृभावं च यद्दत्तं सहजं भवेत्।।८३।।

83. ਜੋ ਦਾਨ ਇਸ ਵਿਚਾਰ ਨਾਲ ਦਿੱਤਾ ਜਾਂਦਾ ਹੈ ਕਿ ਦੇਣ ਵਾਲਾ, ਲੈਣ ਵਾਲਾ ਅਤੇ ਵਸਤੂ ਸਾਰੇ ਸ਼ਿਵ ਦਾ ਰੂਪ ਹਨ ਅਤੇ ਦੇਣ ਵਾਲਾ ਆਪ ਦਾਨੀ ਨਹੀਂ ਹੈ, ਨੂੰ ਸਹਿਜ ਦਾਨ ਕਿਹਾ ਜਾਂਦਾ ਹੈ।

सहजं दानमुत्कृष्टं सर्वदानोत्तमोत्तमम्।

शिवज्ञानप्रदं पुंसां जन्मरोगनिवर्तकम्।।८४।।

84. ਸਹਿਜਦਾਨ ਸਭ ਤੋਂ ਉਤਮ ਹੈ। ਇਹ ਦਾਨ ਸਭ ਨੂੰ ਸ਼ਿਵ ਦੀ ਸੋਝੀ ਪ੍ਰਦਾਨ ਕਰਦਾ ਹੈ ਜਿਸ ਨਾਲ ਸਭ ਆਵਾਗਮਨ ਦੀ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹਨ।

शिवाय शिवभक्ताय दीयते यदि किञ्चन।

भक्त्या तदपि विख्यातं सहजं दानमुत्तमम्।।८५।।

85. ਜੇ ਇੱਕ ਤਿਲ ਮਾਤਰ ਵੀ ਸ਼ਿਵਾ ਜਾਂ ਉਸ ਦੇ ਭਗਤ ਨੂੰ ਦਾਨ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ, ਉਸ ਨੂੰ ਵੀ ਮਹਾਨ ਸਹਿਜ ਦਾਨ ਕਹਿੰਦੇ ਹਨ।

दानात् स्वर्णसहस्रस्य सत्पात्रे यत्फलं भवेत्।

एकपुष्पप्रदानेन शिवे तत्फलमिष्यते।।८६।।

86. ਇੱਕ ਕਾਬਿਲ ਵਿਅਕਤੀ ਨੂੰ ਹਜ਼ਾਰ ਸੋਨੇ ਦੇ ਸਿੱਕੇ ਦੇਣ ਤੇ ਜੋ ਫਲ ਮਿਲਦਾ ਹੈ ਉਹੀ ਫਲ ਸ਼ਿਵ ਨੂੰ ਸਿਰਫ ਇੱਕ ਫੁੱਲ ਅਰਪਿਤ ਕਰਨ ਤੇ ਮਿਲਦਾ ਹੈ।

शिव एव परं पात्रं सर्वविद्यानिधिर्गुरुः।

तस्मै दत्तं तु यत्किञ्चित् तदनन्तफलं भवेत्।।८७।।

87. ਸ਼ਿਵ ਜੋ ਕਿ ਖਜਾਨਿਆਂ ਦਾ ਖਜਾਨਾ ਹੈ, ਜੋ ਗੁਰੂ ਹੈ ਅਤੇ ਇੱਕ ਕਾਬਿਲ ਲੈਣ ਵਾਲਾ ਹੈ, ਨੂੰ ਅਰਪਿਤ ਕੀਤੀ ਛੋਟੀ ਚੀਜ਼ ਵੀ ਅਨੰਤ ਫਲ ਦਿੰਦੀ ਹੈ।

शिवयोगी शिवः साक्षाच्छिवज्ञान-महोदधिः।

यत्किञ्चिद्दीयते तस्मै तद्दानं पारमार्थिकम्।।८८।।

88. ਸ਼ਿਵਯੋਗਿਨ ਜੋ ਕਿ ਸ਼ਿਵ ਦੇ ਗਿਆਨ ਦਾ ਸਮੁੰਦਰ ਹੈ, ਅਸਲ ਵਿੱਚ ਖੁਦ ਸ਼ਿਵ ਹੀ ਹੈ। ਇਸ ਲਈ ਉਸ ਨੂੰ ਜੋ ਦਾਨ ਦਿੱਤਾ ਜਾਂਦਾ ਹੈ ਉਸ ਦਾ ਸਭ ਤੋਂ ਉੱਚਾ ਫਲ ਮਿਲਦਾ ਹੈ।

शिवयोगी महत्पात्रं सर्वेषां दानकर्मणि।

तस्मान्नास्ति परं किञ्चित् पात्रं शास्त्रविचारतः।।८९।।

89. ਦਾਨ ਲੈਣ ਵਾਲਿਆਂ ਦੇ ਸੰਦਰਭ ਵਿੱਚ ਸਭ ਤੋਂ ਕਾਬਿਲ ਲੈਣ ਵਾਲਾ ਸ਼ਿਵਯੋਗਿਨ ਹੀ ਹੈ। ਇਸ ਲਈ ਦਾਨ ਲੈਣ ਵਾਲਿਆਂ ਵਿੱਚੋਂ ਉਸ ਤੋਂ ਉੱਤਮ ਕੋਈ ਵੀ ਨਹੀਂ। ਸ਼ਾਸ਼ਤਰਾਂ ਵਿੱਚ ਇਹੀ ਕਿਹਾ ਗਿਆ ਹੈ।

भिक्षामात्रप्रदानेन शान्ताय शिवयोगिने।

यत्फलं लभ्यते नैतद् यज्ञकोटिशतैरपि।।९०।।

90. ਸ਼ਿਵਯੋਗਿਨ ਜੋ ਕਿ ਇੱਕ ਯੋਗੀ ਹੁੰਦਾ ਹੈ, ਨੂੰ ਮੂੰਹ ਭਰ ਖਾਣਾ ਦੇਣ ਤੇ ਜੋ ਫਲ ਮਿਲਦਾ ਹੈ, ਅਜਿਹਾ ਫਲ ਹਜ਼ਾਰਾਂ, ਕਰੋੜਾਂ ਕੁਰਬਾਨੀਆਂ ਕਰਨ ਤੇ ਵੀ ਨਹੀਂ ਮਿਲਦਾ।

शिवयोगिनि सन्तृप्ते तृप्तो भवति शङ्करः।

तत्तृप्त्या तन्मयं विश्वं तृप्तिमेति चराचरम्।।९१।।

91. ਜਦੋ ਸ਼ਿਵਯੋਗਿਨ ਤ੍ਰਿਪਤ ਹੁੰਦਾ ਹੈ, ਸ਼ਿਵ ਜੀ ਵੀ ਤ੍ਰਿਪਤ ਹੋ ਜਾਂਦੇ ਹਨ। ਸ਼ਿਵ ਜੀ ਦੇ ਤ੍ਰਿਪਤ ਹੋਣ ਨਾਲ ਸਾਰਾ ਚੱਲ ਅਤੇ ਅਚੱਲ ਸੰਸਾਰ ਜੋ ਉਹਨਾਂ ਦਾ ਹੀ ਸਿਰਜਿਆ ਹੋਇਆ ਹੈ, ਤ੍ਰਿਪਤ ਹੋ ਜਾਂਦਾ ਹੈ।

तस्मात्सर्वप्रयत्नेन येन केनापि कर्मणा।

तृप्तिं कुर्यात् सदाकालमन्नाद्यैः शिवयोगिनः।।९२।।

92. ਇਸ ਲਈ ਸਭ ਤਰਾਂ ਦੀਆਂ ਕੋਸ਼ਿਸ਼ਾਂ ਕਰਕੇ ਇੱਕ ਭਗਤ ਨੇ ਸ਼ਿਵਯੋਗਿਨ ਨੂੰ ਭੋਜਨ ਨਾਲ ਤ੍ਰਿਪਤ ਕਰਨਾ ਚਾਹੀਂਦਾ ਹੈ।

निरुपाधिकचिद्रूपपरानन्दात्म - वस्तुनि।

समाप्तं सकलं यस्य स दानी शङ्करः स्वयम्।।९३।।

93. ਦੇਣ ਵਾਲਾ(ਸਹਿਜਦਾਨੀ), ਜਿਸ ਦਾ ਚਾਰ-ਚੁਫੇਰਾ ਸਰਵਉੱਚ ਗਿਆਨ ਅਤੇ ਆਸ਼ੀਸ਼ ਦੇ ਮਾਲਕ ਨੇ ਮੱਲਿਆ ਹੋਇਆ ਹੈ, ਖੁਦ ਸ਼ਿਵ ਹੀ ਹੈ।

उक्ताखिलाचार-परायणोऽसौ

सदा वितन्वन् सहजं तु दानम्।

ब्रह्मादिसम्पत्सु विरक्तचित्तो

भक्तो हि माहेश्वरतामुपैति।।९४।।

94. ਜੋ ਭਗਤ ਉਪਰੋਕਤ ਸਾਰੀਆਂ ਕਿਰਿਆਵਾਂ ਵਿੱਚ ਗ੍ਰਸਿਤ ਰਹਿੰਦਾ ਹੈ, ਸਹਿਜਦਾਨ ਕਰਦਾ ਹੈ ਅਤੇ ਜਿਸ ਦਾ ਮਨ ਬ੍ਰਹਮਾਂ ਦੇ ਖਜਾਨੇ ਵੱਲ ਆਕਰਸ਼ਿਤ ਹੁੰਦਾ ਹੈ, ਮਹੇਸ਼ਵਰ ਦੀ ਉਪਾਧੀ ਪ੍ਰਾਪਤ ਕਰਦਾ ਹੈ।

ਦਸਵਾਂ ਅਧਿਆਇ

भक्तस्थलं समाख्यातं भवता गणनायक।
केन वा धर्मभेदेन भक्तो माहेश्वरो भवेत्?।।१।।

13. ਪੂਜਣਯੋਗ ਗੁਰੁ ਦੀ ਕਿਰਪਾ ਨਾਲ ਸਭ ਤਰ੍ਹਾਂ ਦੇ ਅਗਿਆਨ ਦੀ ਨਿਵਿਰਤੀ ਹੋ ਜਾਂਦੀ ਹੈ। ਉਹ ਭਗਤ ਸ਼ਿਵ ਦੀ ਭਗਤੀ ਨਾਲ ਸ਼ਿਵ ਦੀ ਉੱਚ ਆਸ਼ੀਸ਼ ਪ੍ਰਾਪਤ ਕਰਦਾ ਹੈ, ਉਸ ਨੂੰ ਤਾਮਸਨਿਰਸਨਸਥਲ ਕਹਿੰਦੇ ਹਨ।

यस्य ज्ञानं तमोमिश्रं न तस्य गतिरिष्यते।

सत्त्वं हि ज्ञानयोगस्य नैर्मल्यं विदुरुत्तमाः।।१४।।

14. ਜਿਸ ਦਾ ਗਿਆਨ ਅਗਿਆਨ ਦੇ ਅੰਧੇਰੇ ਨਾਲ ਮਿਲਿਆ ਹੁੰਦਾ ਹੈ ਉਸ ਦੀ ਸਦਗਤੀ ਨਹੀਂ ਹੁੰਦੀ । ਇਹ ਵਿਦਵਾਨਾਂ ਦੁਆਰਾ ਕਿਹਾ ਗਿਆ ਹੈ ਕਿ ਮਨ ਦੀ ਸ਼ੁੱਧਤਾ(ਸਤਵਗੁਣ) ਗਿਆਨਯੋਗ ਦਾ ਪਵਿੱਤਰ ਸਾਧਨ ਹੈ।

शमो दमो विवेकश्च वैराग्यं पूर्णभावना।

क्षान्तिः कारुण्यसम्पत्तिः श्रद्धा सत्यसमुद्भवा।।१५।।

15. ਸ਼ਮ, ਦਮ, ਵਿਵੇਕ, ਵੈਰਾਗ, ਪੂਰਣਭਾਵਨਾ ਅਰਥਾਤ ਅਖੰਡ ਗਿਆਨ, ਖਿਮਾ, ਕਰੁਣਾ, ਸੱਚ ਤੋਂ ਉਤਪੰਨ ਸ਼ਰਧਾ, ਸ਼ਿਵ ਭਗਤੀ, ਪਰਮਧਰਮ ਅਰਥਾਤ ਵੀਰਸ਼ੈਵਚਾਰ, ਇਹ ਸਭ ਸ਼ਿਵਗਿਆਨ ਦੇ ਭਾਈ ਬੰਧੂ ਹਨ।

शिवभक्तिः परो धर्मः शिवज्ञानस्य बान्धवाः।

एतैर्युक्तो महायोगी सात्त्विकः परिकीर्तितः।।१६।।

16. ਮਹਾਨ ਯੋਗੀ ਜਿਸ ਵਿਚ ਇਹ ਗੁਣ ਹੁੰਦੇ ਹਨ ਉਸਨੂੰ ਸੱਤਵਿਕਾ ਕਹਿੰਦੇ ਹਨ।

कामक्रोधमहामोहमदमात्सर्य – वारणाः।

शिवज्ञानमृगेन्द्रस्य कथं तिष्ठन्ति सन्निधौ?।।१७।।

17. ਕਾਮ, ਕਰੋਧ, ਮਹਾਂਮੋਹ, ਅਹੰਕਾਰ, ਭਰਮ, ਲਾਲਚ ਰੂਪੀ ਹਾਥੀਆਂ ਦਾ ਝੁੰਡ ਸ਼ਿਵਗਿਆਨ ਰੂਪੀ ਸ਼ੇਰ ਦੇ ਸਾਹਮਣੇ ਕਿਵੇਂ ਠਹਿਰ ਸਕਦੇ ਹਨ।

यत्र कुत्रापि वा द्वेष्टि प्रपञ्चे शिवरूपिणि।

शिवद्वेषी स विज्ञेयो रजसाविष्टमानसः।।१८।।

18. ਉਹ ਇਨਸਾਨ ਜੋ ਇਸ ਸੰਸਾਰ ਵਿੱਚ ਹਰ ਜਗ੍ਹਾ ਹਰ ਸ਼ਿਵਾ ਰੂਪੀ ਚੀਜ਼ ਨੂੰ ਨਫਰਤ ਕਰਦਾ ਹੈ, ਉਹ ਬੇਸ਼ੱਕ ਸ਼ਿਵਾ ਨੂੰ ਨਫਰਤ ਕਰਨ ਵਾਲਾ ਹੈ। ਜਿਸਦਾ ਮਨ ਰਾਜੋਗੁਣ ਨਾਲ ਭਰਿਆ ਹੋਵੇ ਉਸਨੂੰ ਸ਼ਿਵਦੋਸ਼ੀ ਸਮਝਿਆ ਜਾਣਾ ਚਾਹੀਂਦਾ ਹੈ।

यो द्वेष्टि सकलान् लोकान् यो वाहङ्कुरुते सदा।

योऽसत्यभावनायुक्तः स तामस इति स्मृतः।।१९।।

19. ਜੋ ਸਭ ਲੋਕਾਂ ਨੂੰ ਨਫਰਤ ਕਰਦਾ ਹੈ ਅਤੇ ਜੋ ਸਦਾ ਅਹੰਕਾਰ ਵਿੱਚ ਰਹਿੰਦਾ ਹੈ ਅਤੇ ਝੂਠ ਵਾਲੀ ਭਾਵਨਾਂ ਨਾਲ ਭਰਿਆ ਹੁੰਦਾ ਹੈ ਉਸਨੂੰ ਤਮਸ ਕਿਹਾ ਜਾਂਦਾ ਹੈ।

तमोमूला हि सञ्जाता रागद्वेषादिपादपाः।

शिवज्ञानकुठारेण छेद्यन्ते हि निरन्तरम्।।२०।।

20. ਆਪਣਾਪਣ ਅਤੇ ਨਫਰਤ ਵਾਲੇ ਦਰਖਤਾਂ ਦੀਆਂ ਜੜਾਂ ਅਗਿਆਨ ਦੇ ਹਨ੍ਹੇਰੇ ਵਿੱਚ ਹੁੰਦੀਆਂ ਹਨ। ਅਜਿਹੇ ਦਰਖਤ ਸ਼ਿਵਗਿਆਨ ਰੂਪੀ ਕੁਹਾੜੀ ਨਾਲ ਸਦਾ ਕੱਟੇ ਜਾਂਦੇ ਹਨ।

शिवज्ञाने समुत्पन्ने सहस्त्रादित्यसन्निभे।

कुतस्तमोविकाराः स्युर्महतां शिवयोगिनाम्।।२१।।

21. ਸ਼ਿਵਗਿਆਨ, ਜੋ ਕਿ ਹਜ਼ਾਰਾਂ ਸੂਰਜਾਂ ਦੇ ਸਮਾਨ ਹੈ, ਜਦੋਂ ਜਨਮਦਾ ਹੈ ਤਾਂ ਸ਼ਿਵਯੋਗੀਆਂ ਦੇ ਸੰਦਰਭ ਵਿੱਚ ਅਗਿਆਨ(ਤਮਸ) ਕਿਵੇਂ ਠਹਿਰ ਸਕਦਾ ਹੈ।

निराकृत्य तमोभागं संसारस्य प्रवर्तकम्।

निर्दिश्यते तु यज्ज्ञानं स निर्देश इति स्मृतः।।२२।।

22. ਉਹ ਗਿਆਨ ਜੋ ਅਗਿਆਨ ਨੂੰ ਦੂਰ ਕਰਨ ਤੋਂ ਬਾਅਦ ਦਿੱਤਾ ਜਾਂਦਾ ਹੈ ਅਤੇ ਜੋ ਆਵਾਗਮਨ ਤੋਂ ਮੁਕਤ ਕਰਾਉਂਦਾ ਹੈ ਉਸਨੂੰ ਨਿਰਦੇਸ਼ ਕਿਹਾ ਜਾਂਦਾ ਹੈ।

गुरुरेव परं तत्त्वं प्रकाशयति देहिनाम्।

को वा सूर्यं विना लोके तमसो विनिवर्तकः?।।२३।।

23. ਆਤਮਾਵਾਂ ਨੂੰ ਸਰਵਉਚ ਸਿਧਾਂਤ ਦਾ ਗਿਆਨ ਗੁਰੁ ਹੀ ਦਿੰਦਾ ਹੈ। ਸੂਰਜ ਤੋਂ ਇਲਾਵਾ ਹਨੇਰੇ ਨੂੰ ਕੌਣ ਦੂਰ ਕਰ ਸਕਦਾ ਹੈ?

अन्तरेण गुरुं सिद्धं कथं संसारनिष्कृतिः?।

निदानज्ञं विना वैद्यं किं वा रोगो निवर्तते?।।२४।।

24. ਪੂਰੇ ਗੁਰੁ ਤੋਂ ਬਿਨ੍ਹਾਂ ਆਵਾਗਮਨ ਤੋਂ ਮੁਕਤੀ ਕਿਸ ਤਰ੍ਹਾਂ ਹੋ ਸਕਦੀ ਹੈ। ਇੱਕ ਡਾਕਟਰ ਜੋ ਕਿ ਪੈਥੋਲੋਜੀ ਦਾ ਮਾਹਰ ਹੈ, ਉਸ ਤੋਂ ਬਿਨਾਂ ਬਿਮਾਰੀ ਕੌਣ ਦੂਰ ਕਰ ਸਕਦਾ ਹੈ।

अज्ञानमलिनं चित्तदर्पणं यो विशोधयेत्।

प्रज्ञाविभूतियोगेन तमाहुर्गुरुसत्तमम्।।२५।।

25. ਜੋ ਅਗਿਆਨ ਦੁਆਰਾ ਗੰਦੇ ਕੀਤੇ ਮਨ ਦੇ ਸ਼ੀਸ਼ੇ ਨੂੰ ਗਿਆਨ ਰੂਪੀ ਪਵਿੱਤਰ ਰਾਖ ਨਾਲ ਸਾਫ ਕਰਦਾ ਹੈ ਉਸਨੂੰ ਸਰਵਉਚ ਗੁਰੁ ਕਹਿੰਦੇ ਹਨ।

अपरोक्षिततत्त्वस्य जीवन्मुक्तस्वभाविनः।

गुरोः कटाक्षे संसिद्धे को वा लोकेषु दुर्लभः?।।२६।।

26. ਜਿਸ ਗੁਰੁ ਨੂੰ ਸ਼ਿਵਤੱਤ ਦਾ ਗਿਆਨ ਹੋਵੇ ਅਤੇ ਜਿਸ ਦਾ ਸੁਭਾਅ ਜੀਵਨਲੁਮਤ ਹੋਵੇ ਉਸ ਦੀ ਝਲਕ ਮਾਤਰ ਮਿਲਦੀ ਹੈ ਤਾਂ ਇਸ ਸੰਸਾਰ ਵਿੱਚ ਕੀ ਦੁਰਲਭ ਹੋ ਸਕਦਾ ਹੈ।

कैवल्यकल्पतरवो गुरवः करुणालयाः।

दुर्लभा हि जगत्यस्मिन् शिवाद्वैतपरायणाः।।२७।।

27. ਇਸ ਸੰਸਾਰ ਵਿੱਚ ਉਹ ਗੁਰੁ ਦੁਰਲਭ ਹਨ ਜੋ ਕਿ ਮੁਕਤੀ ਲਈ ਇੱਕ ਕਲਪ ਬਿਰਖ ਦੀ ਤਰ੍ਹਾਂ ਹਨ, ਜੋ ਕਰੁਣਾ ਦੇ ਸਾਗਰ ਹਨ ਅਤੇ ਜੋ ਸ਼ਿਵ ਨਾਲ ਇਕਮਿਕ ਹਨ।

क्षीराब्धिरिव सिन्धूनां सुमेरुरिव भूभृताम्।

ग्रहाणामिव तिग्मांशुर्मणीनामिव कौस्तुभः।।२८।।

28. ਜਿਸ ਤਰ੍ਹਾਂ ਸਮੁੰਦਰਾਂ ਵਿੱਚ ਖੀਰ ਸਮੁੰਦਰ, ਪਰਬਤਾਂ ਵਿੱਚ ਸੁਮੇਰ, ਗ੍ਰਹਿਆਂ ਵਿੱਚ ਸੂਰਜ, ਮਣੀਆਂ ਵਿੱਚ ਕੌਸਤੁੰਬ ਦੀ ਮਣੀ, ਬਿਰਖਾਂ ਵਿੱਚ ਚੰਦਨ, ਦੇਵਤਿਆਂ ਵਿੱਚ ਸ਼ਿਵਾ ਅਤੇ

द्रुमाणामिव भद्रश्रीर्देवानामिव शङ्करः।

गुरुः शिवः परःश्लाघ्यो गुरूणां प्राकृतात्मनाम्।।२९।।

29. ਉਸੇ ਤਰ੍ਹਾਂ ਗੁਰੂਆਂ ਵਿੱਚ ਸ਼ਿਵਗਿਆਨੀ ਗੁਰੁ ਸ਼੍ਰੇਸ਼ਠ ਹੈ।

जिज्ञासा शिवतत्त्वस्य शीलमित्युच्यते बुधैः।

निर्देश्ययोगादार्याणां तद्वान् शीलीति कथ्यते।।३०।।

30. ਗੁਰੂਆਂ ਦੇ ਦੁਆਰਾ ਨਿਰਦੇਸ਼ ਜਾਂ ਉਪਦੇਸ਼ ਹੋਣ ਦੇ ਕਾਰਣ ਵਿਦਵਾਨ ਲੋਕ ਸ਼ਿਵਤੱਤ ਦੀ ਜਿਗਿਆਸਾ ਨੂੰ ਸ਼ੀਲ ਕਹਿੰਦੇ ਹਨ ਅਤੇ ਇਹ ਜਿਸਦੇ ਕੋਲ ਹੈ ਉਸਨੂੰ ਸ਼ੀਲੀ ਕਿਹਾ ਜਾਂਦਾ ਹੈ।

प्रपन्नार्तिहरे देवे परमात्मनि शङ्करे।

भावस्य स्थिरतायोगः शीलमित्युच्यते बुधैः।।३१।।

31. ਸ਼ਰਣਾਗਤ ਦੇ ਕਸ਼ਟ ਨੂੰ ਦੂਰ ਕਰਨ ਵਾਲੇ ਦੇਵਾਂ ਦੇ ਦੇਵ ਪਰਮਾਤਮਾਂ ਸ਼ਿਵ ਦੇ ਪ੍ਰਤੀ ਭਾਵ ਦੀ ਸਥਿਰਤਾ ਨੂੰ ਵਿਦਵਾਨ ਲੋਕ ਸ਼ਲਿ ਕਹਿੰਦੇ ਹਨ।

शीलं शिवैकविज्ञानं शिवध्यानैकतानता।

शिवप्राप्तिसमुत्कण्ठा तद्योगी शीलवान् स्मृतः।।३२।।

32. ਕੇਵਲ ਸ਼ਿਵ ਦਾ ਗਿਆਨ, ਸ਼ਿੜ ਦਾ ਨਿਰੰਤਰ ਧਿਆਨ ਅਤੇ ਸ਼ਿਵ ਦੀ ਪ੍ਰਾਪਤੀ ਦੇ ਲਈ ਇੱਛਾ ਰੱਖਣਾ ਸ਼ੀਲ ਕਹਾਉਂਦਾ ਹੈ। ਇਹ ਜਿਸਦੇ ਕੋਲ ਹੈ ਉਸ ਨੂੰ ਸ਼ੀਲਵਾਨ ਕਿਹਾ ਜਾਂਦਾ ਹੈ ।

शिवादन्यत्र विज्ञाने वैमुख्यं यस्य सुस्थिरम्।

तदासक्तमनोवृत्तिस्तमाहुः शीलभाजनम्।।३३।

33. ਸ਼ਿਵ ਤੋਂ ਇਲਾਵਾ ਵਿਗਿਆਨ ਦੇ ਵਿਸ਼ੇ ਵਿੱਚ ਜਿਸ ਦੀ ਦਿਲਚਸਪੀ ਨਹੀ ਅਤੇ ਜਿਸ ਦੇ ਮਨ ਦਾ ਝੁਕਾਓ ਕੇਵਲ ਸ਼ਿਵਾ ਦੇ ਵੱਲ ਹੀ ਹੁੰਦਾ ਹੈ ਉਸ ਨੂੰ ਹੀ ਸ਼ੀਲ ਕਹਿਣਾ ਉਪਯੁਕਤ ਹੈ।

पतिव्रताया यच्छीलं पतिरागात् प्रशस्यते।

तथा शिवानुरागेण सुशीलोऽभक्त उच्यते।।३४।।

34. ਜਿਵੇਂ ਕਿਸੇ ਇਸਤਰੀ ਦੀ ਆਪਣੇ ਪਤੀ ਪ੍ਰਤੀ ਪਵਿੱਤਰਤਾ ਉਸਦੇ ਪਿਆਰ ਨਾਲ ਉਜਾਗਰ ਹੁੰਦੀ ਹੈ। ਉਸੇ ਤਰ੍ਹਾਂ ਜੋ ਪ੍ਰਾਣੀ ਸ਼ਿਵ ਦੇ ਪ੍ਰਤੀ ਪਿਆਰ ਦੇ ਕਰਕੇ ਸ਼ਿਵ ਪ੍ਰਤੀ ਪ੍ਰੀਤ ਨਿਭਾਉਂਦਾ ਹੈ ਉਸ ਨੂੰ ਸੁਸ਼ੀਲ ਕਿਹਾ ਜਾਂਦਾ ਹੈ।

पतिं विना यथा स्त्रीणां सेवान्यस्य तु गर्हणा।

शिवं विना तथान्येषां सेवा निन्द्या कृतात्मनाम्।।३५।।

35. ਜਿਸ ਤਰ੍ਹਾਂ ਇਸਤਰੀ ਦੇ ਲਈ ਪਤੀ ਤੋਂ ਇਲਾਵਾ ਹੋਰ ਕਿਸੇ ਦੀ ਸੇਵਾ ਨਿੰਦਣਯੋਗ ਹੈ ਉਸੇ ਤਰ੍ਹਾਂ ਆਸ਼ੀਸ਼ ਪ੍ਰਾਪਤ ਆਤਮਾਵਾਂ ਲਈ ਸ਼ਿਵ ਤੋਂ ਇਲਾਵਾ ਹੋਰ ਕਿਸੇ ਦੇਵਤੇ ਦੀ ਪੂਜਾ ਨਿੰਦਣਯੋਗ ਹੈ।

बहुनात्र किमुक्तेन शिवज्ञानैकनिष्ठता।

शीलमित्युच्यते सद्भिः शीलवांस्तत्परो मतः।।३६।।

36. ਇਸ ਤੋਂ ਇਲਾਵਾ ਹੋਰ ਕੀ ਕਹਿਣਾ? ਸ਼ੱਜਣ ਲੋਕਾਂ ਦੁਆਰਾ ਸ਼ਿਵਗਿਆਨ ਦੇ ਪ੍ਰਤੀ ਇਕਨਿਸ਼ਠਾ ਨੂੰ ਸ਼ੀਲ ਕਹਿੰਦੇ ਹਨ ਅਤੇ ਜੋ ਇਸ ਕੰਮ ਵਿੱ ਲੱਗਾ ਹੋਇਆ ਹੈ ਉਸਨੂੰ ਸ਼ਲਿਵਾਨ ਕਿਹਾ ਜਾਂਦਾ ਹੈ।

शिवात्मबोधैकरतः स्थिराशयः

शिवं प्रपन्नो जगतामधीशम्।

शिवैकनिष्ठाहितशीलभूषणः ।

शिवैक्यवानेव हि कथ्यते बुधैः।।३७।।

37. ਕੇਵਲ ਸ਼ਿਵਬੋਧ ਵਿੱਚ ਲੱਗਿਆ ਹੋਇਆ, ਸਥਿਰ ਭਾਵਨਾਂ ਨਾਲ ਯੁਕਤ, ਸੰਸ਼ਾਰ ਦੇ ਸਵਾਮੀ ਸ਼ਿਵ ਦੀ ਸ਼ਰਣ ਵਿੱਚ ਗਿਆ ਹੋਇਆ, ਕੇਵਲ ਸ਼ਿੜ ਦੇ ਨਿਸ਼ਠਾਰੂਪੀ ਗਹਿਣਿਆਂ ਨੂੰ ਧਾਰਨ ਕਰਨ ਵਾਲੇ ਮਨੁੱਖ ਨੂੰ ਵਿਦਵਾਨਾਂ ਦੁਆਰਾ ਸ਼ਿਵੈਕੈਵਾਨ ਕਿਹਾ ਜਾਂਦਾ ਹੈ।

ਅਧਿਆਇ 14

तामसत्यागसम्बन्धान्निर्देशाच्छीलतस्तथा ।

शरणाख्यस्य भूयोऽस्य कथमैक्यनिरूपणम्।।१।।

1. ਅਗਸਤਿਆ ਨੇ ਕਿਹਾ - ਤਾਮਸ ਗੁਣ ਦਾ ਤਿਆਗ, ਗਿਆਨ ਨਿਰਦੇਸ਼ ਅਤੇ ਸ਼ੀਲਸੰਪਾਦਨ ਦੇ ਦੁਆਰਾ ਸ਼ਰਣ ਨਾਮਕ ਸਾਧਕ ਨੂੰ ਫਿਰ 'ਏਕਿਆ'(ਜੋ ਅੰਗ ਅਤੇ ਲਿੰਗ ਦੀ ਇਕਮਿਕਤਾ ਨੂੰ ਹਾਂਸਲ ਕਰ ਲੈਂਦਾ ਹੈ) ਕਿਵੇਂ ਕਿਹਾ ਜਾਂਦਾ ਹੈ?

प्राणलिङ्गादियोगेन सुखातिशयमेयिवान्।

शरणाख्यः शिवेनैक्यभावनादैक्यवान् भवेत्।।२।।

2. ਸ਼੍ਰੀ ਰੇਣੁਕਾਚਾਰਿਆ ਨੇ ਕਿਹਾ – ਪ੍ਰਾਣਲਿੰਗ ਧਿਆਨਯੋਗ ਦੇ ਦੁਆਰਾ ਅਤਿਅੰਤ ਆਸ਼ੀਸ਼ ਪ੍ਰਾਪਤ ਕਰਨ ਵਾਲਾ ਸ਼ਰਣ ਨਾਮਕ ਸਾਧਕ ਸ਼ਿਵ ਦੇ ਨਾਲ ਇਕਭਾਵਨਾ ਹੋਣ ਦੇ ਕਾਰਣ ਏਕਿਆਵਾਨ ਹੋ ਜਾਂਦਾ ਹੈ।

ऐक्यस्थलमिदं प्रोक्तं चतुर्धा मुनिपुङ्गव।

ऐक्यमाचारसम्पत्तिरेक - भाजनमेव च।।

3. ਏਕਿਆਵਾਨ ਚਾਰ ਪ੍ਰਕਾਰ ਦਾ ਕਿਹਾ ਗਿਆ ਹੈ - ੧) ਏਕਿਆਸਥਲ ੨) ਆਚਾਰਸੰਪਤੀ ਸਥਲ ੩) ਇੱਕਭਾਜਨਸਥਲ ਅਤੇ ੪) ਸਹਿਭੋਜਨ ਸਥਲ, ਹੁਣ ਇਹਨਾਂ ਦਾ ਕ੍ਰਮਵਾਰ ਵਰਣਨ ਇਸ ਪ੍ਰਕਾਰ ਹੈ।

विषयानन्दकणिकानिःस्पृहो निर्मलाशयः।

शिवानन्दमहासिन्धुमज्जनादैक्यमुच्यते ।।४।।

4. ਸ਼ਰਣ ਦੇ ਕਾਰਣ ਸ਼ੱਧ ਇਛਾਵਾਂ ਨਾਲ ਅਤੇ ਗਿਆਨ ਇੰਦਰੀਆਂ ਦੇ ਸੁੱਖਾਂ ਦਾ ਇੱਛਾ ਨਾ ਰੱਖਣ ਵਾਲਾ ਸ਼ਿਵ ਦੀ ਮਹਾਨ ਆਸ਼ੀਸ਼ ਵਿੱਚ ਭਿਜਿੱਆ ਹੋਣ ਵਾਲਾ ਇਨਸਾਨ ਏਕਿਆ ਕਹਿਲਾਉਂਦਾ ਹੈ।

निर्धूतमलसम्बन्धो निष्कलङ्कमनोगतः।

शिवोऽहमिति भावेन निरूढो हि शैवैक्यताम्।।५।।

5. ਜਿਸਨੇ ਇਕਮਨ ਨਾਲ ਮਾਲਾ ਫੇਰੀ ਹੁੰਦੀ ਹੈ ਅਤੇ ਜਿਸ ਦਾ ਮਨ ਕਿਸੇ ਵੀ ਤਰ੍ਹਾਂ ਦੇ ਪਾਪ ਤੋਂ ਰਹਿਤ ਹੁੰਦਾ ਹੈ ਅਤੇ ਜੋ ਡੂੰਘੇ ਮਨਾ ਨਾਲ ਸ਼ਿਵ ਨਾਲ ਇਕਮਿਕ ਹੁੰਦਾ ਹੈ ਉਸਨੂ ਸ਼ਿਵੈਕਿਆ ਪ੍ਰਾਪਤ ਹੁੰਦਾ ਹੈ।

शिवेनैक्यं समापन्नश्चिदानन्दस्वरूपिणा।

न पश्यति जगज्जालं मायाकल्पितवैभवम्।।६।।

6. ਆਨੰਦ ਅਤੇ ਗਿਆਨ ਰੂਪ ਸ਼ਿਵ ਨਾਲ ਇਕਮਿਕਤਾ ਨੂੰ ਪ੍ਰਾਪਤ ਕਰਨ ਵਾਲਾ ਮਨੁੱਖ ਮਾਇਆ ਦੁਆਰਾ ਰਚੇ ਹੋਏ ਵੈਭਵ ਵਾਲੇ ਸੰਸਾਰ ਜਾਲ ਨੂੰ ਨਹੀਂ ਦੇਖਦਾ।

ब्रह्माण्डबुद्‌बुदोद्‌भेदविजृम्भी तत्त्ववीचिमान्।
मायासिन्धुर्लयं याति शिवैक्यवडवानले।।७।।

7. ਮਾਇਆ ਦਾ ਸਮੁੰਦਰ ਜੋ ਸੰਸਾਰ ਦੇ ਰੂਪ ਵਿੱਚ ਕਈ ਤਰ੍ਹਾਂ ਦੇ ਬੁਲਬਲਿਆਂ ਦੁਆਰਾ ਵਧਦਾ ਫੁਲਦਾ ਹੈ ਅਤੇ ਜਿਸ ਦੀਆਂ ਸ਼ਿਵ ਤੋਂ ਭੂਮੀ ਤੱਕ ਛੱਤੀ ਸਿਧਾਂਤਾਂ ਦੀਆਂ ਤਰੰਗਾਂ ਹਨ, ਉਹ ਸ਼ਿਵਾ ਨਾਲ ਇਕਮਿਕ ਹੋ ਕੇ ਅਗਨੀ ਵਿੱਚ ਸਮਾ ਜਾਂਦਾ ਹੈ।

मायाशक्तितिरोधानाच्छिवे भेदविकल्पना।
आत्मनस्तद्विनाशे तु नाद्वैतात्किञ्चिदिष्यते।।८।।

8. ਮਾਇਆ ਸ਼ਕਤੀ ਦਾ ਸ਼ਿਵ ਵਿੱਚ ਪ੍ਰਸਾਰਣ ਹੋਣ ਨਾਲ ਜੀਵ ਦਾ ਸ਼ਿਵ ਨਾਲ ਭੇਦਭਾਵ ਹੁੰਦਾ ਹੈ, ਇਸ ਸ਼ਕਤੀ ਦੇ ਨਸ਼ਟ ਹੋਣ ਨਾਲ ਅਦਵੈਤ ਤੋਂ ਇਲਾਵਾ ਕੁਝ ਵੀ ਨਹੀਂ ਬਚਦਾ।

पशुत्वं च पतित्वं च मायामोहविकल्पितम्।
तस्मिन् प्रलयमापन्ने कः पशुः? को नु वा पतिः?।।९।।

9. ਪਸ਼ੂਭਾਵ ਅਤੇ ਪਤੀਭਾਵ ਦੋਵੇਂ ਮਾਇਆ ਦੀਆਂ ਵਿਕਲਪਨਾਵਾਂ(ਭਰਮ) ਹਨ, ਜਦੋਂ ਇਹ ਭਰਮ ਦੂਰ ਹੋ ਜਾਂਦਾ ਹੈ ਕੌਣ ਪਸ਼ੂ ਅਤੇ ਕੌਣ ਪਤੀ(ਭਾਵ ਕੁਝ ਵੀ ਨਹੀਂ ਬਚਦਾ)।

घोरसंसारसर्पस्य भेदवल्मीकशायिनः।
बाधकं परमाद्वैतभावना परमौषधम्।।१०।।

10. ਸਰਵਉਚ ਪ੍ਰਭੂ ਨਾਲ ਇਕਮਿਕਤਾ ਸਭ ਤੋਂ ਵਧੀਆਂ ਔਸ਼ਧੀ(ਦਵਾਈ) ਹੈ ਜੋ ਆਵਾਗਮਨ ਦੇ ਉਸ ਭਿਆਨਕ ਸੱਪ ਨੂੰ ਖਤਮ ਕਰਦੀ ਹੈ ਜੋ ਭੇਦਰੂਪੀ ਪਰਮਦਵੈਤ ਭਾਵਨਾ ਰੱਖਦਾ ਹੈ।

भेदबुद्धिसमुत्पन्नमहासंसारसागरम् ।
अद्वैतबुद्धिपोतेन समुत्तरति देशिकः।।११।।

11. ਆਚਾਰਿਆ ਭਾਵ ਸ਼ਿਵਲਿੰਗੀ ਭਾਵਨਾ ਵਾਲਾ ਵਿਅਕਤੀ ਭੇਦਬੁੱਧੀ ਤੋਂ ਪੈਦਾ ਹੋਏ ਮਹਾਂਸੰਸਾਰ ਸਾਗਰ ਨੂੰ ਅਦਵੈਤ ਬੁੱਧੀ ਰੂਪੀ ਜਹਾਜ ਨਾਲ ਪਾਰ ਕਰ ਜਾਂਦਾ ਹੈ।

अज्ञानतिमिरोद्रिक्ता कामरक्षःक्रियाकरी।
संसारकालरात्रिस्तु नश्येदद्वैतभानुना।।१२।।

12. ਅਗਿਆਨਰੂਪੀ ਅੰਧਕਾਰ ਨਾਲ ਭਰੀ ਹੋਈ ਕਾਮਰੂਪੀ ਰਾਕਸ਼ਸ਼ੀ ਸੰਸ਼ਾਰ ਰੂਪੀ ਕਾਲ ਦੀ ਰਾਤ ਸ਼ਿਵ ਦਵੈਤ ਰੁਪੀ ਸੂਰਜ ਨਾਲ ਨਸ਼ਟ ਹੋ ਜਾਂਦੀ ਹੈ।

तस्मादद्वैतभावस्य सदृशो नास्ति योगिनाम्।
उपायो घोरसंसारमहाताप - निवृत्तये।।१३।।

13. ਇਸ ਕਰਕੇ ਯੋਗੀਆਂ ਦੇ ਲਈ ਘੋਰ ਸੰਸਾਰ ਰੂਪੀ ਮਹਾਂਤਾਪ ਨੂੰ ਦੂਰ ਕਰਨ ਦੇ ਲਈ ਅਦਵੈਤ ਭਾਵ ਦੇ ਬਰਾਬਰ ਕੋਈ ਹੋਰ ਇਲਾਜ ਨਹੀਂ ਹੈ।

अद्वैतभावनाजातं क्षणमात्रेऽपि यत्सुखम्।

तत्सुखं कोटिवर्षेण प्राप्यते नैव भोगिभिः।।१४।।

14. ਅਜਿਹੀ ਆਸ਼ੀਸ਼ ਜੋ ਅਦਵੈਤ ਭਾਵਨਾ ਦੇ ਤਜੁਰਬੇ ਤੋਂ ਜਨਮ ਲੈਂਦੀ ਹੈ ਭਾਵੇਂ ਉਹ ਇੱਕ ਪਲ ਲਈ ਹੀ ਠਹਿਰੇ, ਉਹ ਰਾਜਭੋਗੀ ਲੋਕ ਕਰੋੜਾਂ ਸਾਲਾਂ ਵਿੱਚ ਵੀ ਪ੍ਰਾਪਤ ਨਹੀਂ ਕਰ ਸਕਦੇ।

चित्तवृत्ति - समालीनजगतः शिवयोगिनः।

शिवानन्दपरिस्फूर्तिर्मुक्तिरित्यभिधीयते ।।१५।।

15. ਜਿਸਨੇ ਸੰਸਾਰ ਨੂੰ ਆਪਣੀ ਚਿੱਤਵਿਰਤੀ ਵਿੱਚ ਲੀਨ ਕਰ ਲਿਆ ਹੈ ਅਜਿਹੇ ਸ਼ਿਵਯੋਗੀ ਦੀ ਮੁਕਤੀ ਸ਼ਿਵਆਨੰਦ ਮੁਕਤੀ ਕਹੀ ਜਾਂਦੀ ਹੈ।

शिवैकभावनापन्नशिवत्वो देहवानपि।

देशिको हि न लिप्येत स्वाचारैः सूतकादिभिः।।१६।।

16. 'ਸ਼ਿਵ ਹੀ ਇੱਕ ਮਾਤਰ ਸੱਚ ਹੈ' - ਅਜਿਹੀ ਭਾਵਨਾ ਵਿੱਚ ਲਿਪਤ ਸ਼ਿਵਤਵ ਵਾਲ ਆਚਾਰਿਆ ਸ਼ਰੀਰ ਧਾਰਨ ਕਰਨ ਤੇ ਵੀ ਸੂਤਕ ਆਦਿ ਆਪਣੇ ਸੰਪਰਦਾਇ ਜਾਂ ਸਮਾਜ ਦੇ ਆਚਾਰਾਂ ਤੋਂ ਲਿਪਤ ਅਰਥਾਤ ਦੂਸ਼ਿਤ ਨਹੀਂ ਹੁੰਦਾ।

शिवाद्वैत-परिज्ञाने स्थिते यति मनस्विनाम्।

कर्मणा किंतु भाव्यं स्यादकृतेन कृतेन वा?।।१७।।

17. ਵਿਦਵਾਨ ਇਨਸਾਨ ਵਿੱਚ ਸ਼ਿਵਾਦਵੈਤ ਦਾ ਗਿਆਨ ਹੋਣ ਨਾਲ ਕਿਸੇ ਤਰ੍ਹਾਂ ਦੀ ਕਿਰਿਆ ਹੋਵੇ ਜਾਂ ਨਾਂ ਹੋਵੇ ਕੋਈ ਫਰਕ ਨਹੀਂ ਪੈਂਦਾ।

शम्भोरेकत्वभावेन सर्वत्र समदर्शनः।

कुर्वन्नपि महाकर्म न तत्फलमवाप्नुयात्।।१८।।

18. ਉਹ ਯੋਗੀ ਜਿਸ ਦਾ ਸ਼ਿਵ ਨਾਲ ਇਕਮਿਕਤਾ ਹੋਣ ਕਰਕੇ ਸਭ ਨਾਲ ਇੱਕੋ ਜਿਹਾ ਵਿਵਹਾਰ ਹੋਵੇ ਉਹ ਕਰਮਾਂ ਦੇ ਫਲ ਨਾਲ ਸਬੰਧਤ ਨਹੀਂ ਹੁੰਦਾ ਭਾਵੇ ਉਸ ਨੇ ਕੋਈ ਮਹਾਨ ਕਰਮ ਵੀ ਕੀਤਾ ਹੋਵੇ ।

सुकृती दुष्कृती वापि ब्राह्मणो वान्त्यजोऽपि वा।

शिवैकभावयुक्तानां सदृशो भवति ध्रुवम्।।१९।।

19. ਉਹ ਯੋਗੀ ਜੋ ਸ਼ਿਵ ਨਾਲ ਅਦਵੈਤ ਭਾਵਨਾਂ ਦਾ ਤਜੁਰਬਾ ਕਰਦੇ ਹਨ ਉਹਨਾਂ ਲਈ ਸਭ ਸਮਾਨ ਹਨ ਫਿ ਭਾਵੇ ਉਹ ਇਨਸਾਨ ਗੁਣਾਂ ਵਾਲਾ ਹੋਵੇ, ਪਾਪੀ ਹੋਵੇ, ਬ੍ਰਾਹਮਨ ਹੋਵੇ ਜਾਂ ਸ਼ੂਦਰ ਹੋਵੇ।

वर्णाश्रमसदाचारैर्ज्ञानिनां किं प्रयोजनम्?।

लौकिकस्तु सदाचारः फलाभावेऽपि भाव्यते।।२०।।

20. ਜਿਸ ਨੇ ਆਤਮਗਿਆਨ ਹਾਂਸਲ ਕਰ ਲਿਆ ਹੋਵੇ ਜਾਤਪਾਤ ਅਤੇ ਜ਼ਿੰਦਗੀ ਦੇ ਹੋਰ ਕੰਮ ਕਰਨ ਦਾ ਕੀ ਲਾਭ? ਉਹਨਾਂ ਦੁਆਰਾ ਸੰਸ਼ਾਰ ਦੇ ਸਦਾਚਾਰੀ ਕੰਮ ਫਿਰ ਵੀ ਕੀਤੇ ਜਾਂਦੇ ਹਨ ਭਾਵੇਂ ਉਹਨਾਂ ਦਾ ਕੋਈ ਫਲ ਮਿਲੇ ਜਾਂ ਨਾ ਮਿਲੇ।

निर्दग्धकर्मबीजस्य निर्मलज्ञानवह्निना।

देहिवद् भासमानस्य देहयात्रा तु लौकिकी।।२१।।

21. ਨਿਰਮਲ ਗਿਆਨਰੂਪੀ ਅਗਨੀ ਨਾਲ ਜਿਸਦਾ ਕਰਮਬੀਜ ਭਸਮ ਹੋ ਗਿਆ ਹੈ, ਦੇਹ ਦੇ ਬਰਾਬਰ ਦਿਸਣ ਵਾਲੇ ਅਜਿਹੇ ਸ਼ਰੀਰਧਾਰੀ ਦੀ ਦੇਹਯਾਤਰਾ(ਖਾਣਪਾਣ, ਨੀਂਦ ਆਦਿ) ਹੋਰ ਲੋਕਾਂ ਦੀ ਤਰ੍ਹਾਂ ਹੁੰਦੀ ਹੈ (ਪਰੰਤੂ ਉਸ ਯਾਤਰਾ ਨਾਲ ਫਲ ਅਤੇ ਸੰਸ਼ਕਾਰ ਨਹੀਂ ਬਣਦੇ)।

शिवज्ञानसमापन्नस्थिरवैराग्यलक्षणः ।

स्वकर्मणा न लिप्येत पद्मपत्रमिवाम्भसा।।२२।।

22. ਸ਼ਿਵਗਿਆਨ ਨਾਲ ਯੁਕਤ ਸਥਿਰਵੈਰਾਗ ਵਾਲਾ ਭਗਤ ਆਪਣੇ ਕਰਮਾਂ ਨਾਲ ਉਸ ਤਰ੍ਹਾਂ ਲਿਪਤ ਨਹੀਂ ਹੁੰਦਾ ਜਿਵੇਂ ਜਲ ਦੇ ਨਾਲ ਕੰਵਲ ਦਾ ਪੱਤਾ ਲਿਪਤ ਨਹੀਂ ਹੁੰਦਾ।

गच्छंस्तिष्ठन् स्वपन् वापि जाग्रद् वापि महामतिः।

शिवज्ञान-समायोगाच्छिवपूजापरः सदा।।२३।।

23. ਸ਼ਿਵਜੋਤ ਪ੍ਰਾਪਤ ਸ਼ਿਵਗਿਆਨੀ ਸ਼ਿਵ ਦੇ ਗਿਆਨ ਵਿੱਚ ਲਿਪਤ ਹੋਣ ਕਾਰਨ ਹਮੇਸ਼ਾ ਸ਼ਿਵ ਦੀ ਪੂਜਾ ਵਿੱਚ ਵਿਅਸਤ ਰਹਿੰਦਾ ਹੈ ਭਾਵੇ ਉਹ ਚੱਲ ਰਿਹਾ ਹੋਵੇ, ਬੈਠਾ ਹੋਵੇ, ਸੌਂ ਰਿਹਾ ਹੋਵੇ ਅਤੇ ਭਾਵੇਂ ਜਾਗ ਰਿਹਾ ਹੋਵੇ।

यद्यत् पश्यति सामोदं वस्तु लोकेषु देशिकः।

शिवदर्शनसम्पत्तिस्तत्र तत्र महात्मनः।।२४।।

24. ਸ਼ਿਵਲਿੰਗੀ ਆਚਾਰਿਆ ਇਸ ਸੰਸਾਰ ਵਿੱਚ ਆਨੰਦ ਦੇ ਨਾਲ ਜਿਸ-ਜਿਸ ਵਸਤੂ ਨੂੰ ਵੇਖਦਾ ਹੈ ਉਸ ਓਸ ਵਸਤੂ ਵਿੱਚ ਉਸ ਮਹਾਤਮਾਂ ਨੂੰ ਸ਼ਿਵ ਹੀ ਵਸਿਆ ਪ੍ਰਤੀਤ ਹੁੰਦਾ ਹੈ।

यद्यच्चिन्तयते योगी मनसा शुद्धभावनः।

तत्तच्छिवमयत्वेन शिवध्यानमुदाहृतम्।।२५।।

25. ਸ਼ੁੱਧਭਾਵਨਾ ਵਾਲਾ ਯੋਗੀ ਮਨ ਵਿੱਚ ਜਿਸ ਜਿਸ ਦਾ ਧਿਆਨ ਧਰਦਾ ਹੈ ਉਸ ਨੂੰ ਸ਼ਿਵਮਈ ਹੋਣ ਨਾਲ ਸ਼ਿਵਧਿਆਨ ਕਿਹਾ ਜਾਂਦਾ ਹੈ।

यत्किञ्चित् भावितं लोके स्वेच्छया शिवयोगिना।

शिवस्तोत्रमिदं सर्वं यस्मात् सर्वात्मकः शिवः।।२६।।

26. ਸ਼ਿਵਯੋਗੀ ਸਵੈਇੱਛਾ ਨਾਲ ਇਸ ਸੰਸਾਰ ਵਿੱਚ ਜੋ ਕੁਝ ਕਹਿੰਦਾ ਹੈ ਉਹ ਸਭ ਸ਼ਿਵਸਤਰੋਤ ਹੋ ਜਾਂਦਾ ਹੈ ਕਿਉਂਕਿ ਸ਼ਿਵ ਸਭ ਵਿੱਚ ਵਸਦੇ ਹਨ।

या या चेष्टा समुत्पन्ना जायते शिवयोगिनाम्।

सा सा पूजा महेशस्य सर्वदा तद्गतात्मनाम्।।२७।।

27. ਸ਼ਿਵਯੋਗੀ ਦੁਆਰਾ ਜੋ ਜੋ ਚੇਸ਼ਟਾਵਾਂ(ਕਿਰਿਆਵਾਂ) ਉਸ ਦੇ ਸ਼ਰੀਰ ਵਿੱਚ ਪੈਦਾ ਹੁੰਦੀਆਂ ਹਨ ਉਹ ਸਭ ਸ਼ਿਵਮਈ ਆਤਮਾਂ ਵਾਲੇ ਉਹਨਾਂ ਜੀਵਾਂ ਲਈ ਸਦਾਸ਼ਿਵ ਦੀ ਪੂਜਾ ਹੁੰਦੀ ਹੈ।

विश्वं शिवमयं चेति सदा भावयतो धिया।

शिवैक - भाजनात्मत्वादेकभाजनमुच्यते।।२८।।

28. 'ਇਹ ਵਿਸ਼ਵ ਸ਼ਿਵਮਈ ਹੈ' - ਮਨ ਵਿੱਚ ਅਜਿਹੀ ਭਾਵਨਾ ਕਰਨਾ ਸ਼ਿਵੈਕਭਾਜਮਾਤਮਕ ਹੋਣ ਕਰਕੇ ਇੱਕਭਾਜਨ ਕਿਹਾ ਜਾਂਦਾ ਹੈ।

स्वस्य सर्वस्य लोकस्य शिवस्याद्वैतदर्शनात्।

एकभाजनयोगेन प्रसादैक्यमतिर्भवेत्।।२९।।

29. ਸਾਰੇ ਸੰਸਾਰ ਅਤੇ ਸ਼ਿਵ ਨੂੰ ਇੱਕ ਸਮਝਣ ਦੇ ਕਾਰਣ ਇੱਕ ਇਨਸਾਨ ਦੀ ਅਦਵੈਤ ਬੁੱਧੀ ਬਣ ਜਾਂਦੀ ਹੈ ਅਜਿਹਾ ਕਰਨ ਨਾਲ ਸ਼ਿਵਯੋਗੀ ਪ੍ਰਸਾਦ ਨਾਲ ਇਕਮਿਕ ਹੋ ਜਾਂਦਾ ਹੈ।

शिवे विश्वमिदं सर्वं शिवः सर्वत्र भासते।

आधाराधेयभावेन शिवस्य जगतः स्थितिः।।३०।।

30. ਇਹ ਸਾਰਾ ਸੰਸਾਰ ਸ਼ਿਵਾ ਵਿੱਚ ਹੀ ਸਮਾਇਆ ਹੋਇਆ ਹੈ ਅਤੇ ਸ਼ਿਵਾ ਹਰ ਪਾਸੇ ਹਨ। ਸ਼ਿਵ ਅਤੇ ਸੰਸਾਰ ਦੀ ਹੋਂਦ ਸਹਾਰਾ ਦੇ ਵਾਲਾ ਅਤੇ ਸਹਾਰਾ ਲੈਣ ਵਾਲੇ ਦੀ ਤਰ੍ਹਾਂ ਹੈ।

चिदेकभाजनं यस्य चित्तवृत्तेः शिवात्मकम्।

नान्यत् तस्य किमेतेन मायामूलेन वस्तुना?।।३१।।

31. ਜਿਸਦੇ ਚਿੱਤ ਦੀ ਬਿਰਤੀ ਸ਼ਿਵਾਤਮਕ ਅਤੇ ਕੇਵਲ ਚੇਤਨ ਵਿਸ਼ੇ ਵਾਲੀ ਹੈ ਕਿਸੇ ਹੋਰ ਵਿਸ਼ੇ ਵਾਲੀ ਨਹੀਂ ਉਸਨੇ ਮਾਇਆਮੂਲਕ ਵਸਤੂਆਂ ਤੋਂ ਕੀ ਲੈਣਾ?

चित् प्रकाशयते विश्वं तद्विना नास्ति वस्तु हि।

चिदेकनिष्ठचित्तानां किं मायापरिकल्पितैः?।।३२।।

32. ਸ਼ਰਵਉਚ ਚਿਤ ਹੀ ਇਸ ਸੰਸਾਰ ਨੂੰ ਪ੍ਰਕਾਸ਼ਿਤ ਕਰਦਾ ਹੈ। ਇਸ ਤੋਂ ਇਲਾਵਾ ਸੰਸਾਰ ਦੀ ਕੋਈ ਹੋਂਦ ਨਹੀਂ। ਜਿਸ ਦਾ ਮਨ ਸਰਵਉਚ ਚਿੱਤ ਵਿੱਚ ਸਥਿਰ ਹੈ ਉਸ ਲਈ ਮਾਇਆ ਦੀਆਂ ਵਸਤੂਆਂ ਦਾ ਕੀ ਲਾਭ?

वृत्तिशून्ये स्वहृदये शिवलीने निराकुले।

यः सदा वर्तते योगी स मुक्तो नात्र संशयः।।३३।।

33. ਜੋ ਯੋਗੀ ਸਦਾ ਸ਼ਿਵ ਵਿੱਚ ਲੀਨ ਅਤੇ ਆਪਣੇ ਦਿਲ ਵਿੱਚ ਉਸਦਾ ਧਿਆਨ ਰੱਖਦਾ ਹੈ ਉਹ ਮੁਕਤ ਹੁੰਦਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ।

गुरोः शिवस्य शिष्यस्य स्वस्वरूपतया स्मृतिः।

सहभोजनमाख्यातं सर्वग्रासात्मभावतः।।३४।।

34. ਗੁਰੂ, ਸ਼ਿਵ ਅਤੇ ਚੇਲੇ ਦਾ ਆਪਣੇ ਰੂਪ ਵਿੱਚ ਸਿਮਰਣ ਨੂੰ ਸਹਿਭੋਜਨ ਕਿਹਾ ਜਾਂਦਾ ਹੈ ਕਿਉਂਕਿ ਇਹ ਸਭ ਨੂੰ ਨਿਗਲਣ ਵਾਲੀ ਬਿਰਤੀ ਰੱਖਦਾ ਹੈ।

शिवं विश्वं गुरुं साक्षात् योजयेन्नित्यमात्मनि।

एकत्वेन चिदाकारे तदिदं सहभोजनम्।।३५।।

35. ਸ਼ਿਵ ਵਿਸ਼ਵ ਅਤੇ ਗੁਰੁ ਨੂੰ ਹਰ ਦਿਨ ਚਿਦਾਕਾਰ ਆਤਮਾਂ ਦੇ ਰੂਪ ਵਿੱਚ ਜੋੜਨ ਵਾਲਾ ਸਹਿਭੋਜਨ ਕਹਿਲਾਉਂਦਾ ਹੈ।

अयं शिवो गुरुश्चैव जगदेतच्चराचरम्।

अहञ्चेति मतिर्यस्य नास्त्यसौ विश्वभोजकः।।३६।।

36. 'ਇਹ ਸ਼ਿਵ ਹੈ, ਇਹ ਗੁਰੁ ਹੈ, ਇਹ ਸੰਸਾਰ ਹੈ ਅਤੇ ਇਹ ਮੈਂ ਹਾਂ' ਜਿਸਦੀ ਅਜਿਹੀ ਅੰਤਰ ਕਰਨ ਵਾਲੀ ਬੁੱਧੀ ਹੁੰਦੀ ਹੈ ਉਸਨੂੰ ਵਿਸ਼ਵਭੋਜਕ ਨਹੀਂ ਕਹਿੰਦੇ।

अहं भृत्यः शिवः स्वामी शिष्योऽहं गुरुरेव वै।

इति यस्य मतिर्नास्ति स चाद्वैतपदे स्थितः।।३७।।

37. 'ਮੈਂ ਸੇਵਕ ਹਾਂ, ਸ਼ਿਵ ਸਵਾਮੀ ਹਨ, ਮੈਂ ਚੇਲਾ ਹਾਂ ਅਤੇ ਉਹ ਗੁਰੁ ਹਨ' - ਜਿਸਦੀ ਅਜਿਹੀ ਭੇਦ ਕਰਨ ਵਾਲੀ ਬੁੱਧੀ ਨਹੀਂ ਹੁੰਦੀ ਉਸ ਵਿੱਚ ਅਦਵੈਤਵਾਦ ਸਥਿਰ ਹੁੰਦਾ ਹੈ।

पराहन्तामये स्वात्मपावके विश्वभास्वति।

इदन्ताहव्यहोमेन विश्वहोमीति कथ्यते।।३८।।

38. ਵਿਸ਼ਵ ਨੂੰ ਨੁਮਾਇੰਦੀ ਦੇਣ ਵਾਲੀ ਘਿਉ ਰੂਪੀ ਆਤਮਾਂ ਨੂੰ ਅਗਨੀ ਵਿੱਚ ਪਾਉਣ ਵਾਲੇ ਨੂੰ ਵਿਸ਼ਵਹੋਮੀ ਕਿਹਾ ਜਾਂਦਾ ਹੈ।

अहं शिवो गुरुश्चाहमहं विश्वं चराचरम्।

यया विज्ञायते सम्यक् पूर्णाहन्तेति सा स्मृता।।३९।।

39. ਜਿਸ ਨੂੰ 'ਮੈਂ ਹੀ ਸ਼ਿਵ ਹਾਂ, ਮੈਂ ਹੀ ਗੁਰੁ ਹਾਂ ਅਤੇ ਮੈਂ ਹੀ ਇਹ ਅਚੱਲ ਅਤੇ ਚੱਲ ਸੰਸਾਰ ਹਾਂ' ਇਹ ਧਾਰਨਾਂ ਚੰਗੀ ਤਰ੍ਹਾਂ ਸਮਝ ਆ ਜਾਂਦੀ ਹੈ ਉਸਨੂੰ ਪੂਰਨਹੰਤਾ ਕਹਿੰਦੇ ਹਨ।

आधारवह्नौ चिद्रूपे भेदजातं जगद्धविः।

जुहोति ज्ञानयज्वा यः स ज्ञेयो विश्वहव्यभुक्।।४०।।

40. ਗਿਆਨਯੱਗ ਦਾ ਕਰਤਾ ਸ਼ਿਵਾਕਿਆ ਚਿੱਤਰੂਪੀ ਆਧਾਰਬੁੱਧੀ ਅਰਥਾਤ ਆਗਿਆਚੱਕਰ ਵਿੱਚ ਸਥਿਤ ਤਪਿਸ਼ ਵਿੱਚ ਭੇਦਸਮੂਹ ਜਗਤ ਰੂਪੀ ਹਵਾ ਦਾ ਹਵਨ ਕਰਦਾ ਹੈ ਉਸਨੂੰ ਵਿਸ਼ਵਹਵਿਆਭੁਕ ਕਹਿਣਾ ਚਾਹੀਂਦਾ ਹੈ।

चिदाकारे पराकाशे परमानन्दभास्वति।
विलीन-चित्तवृत्तीनां का वा विश्वक्रमस्थितिः?।।४१।।

41. ਪਰਮ ਆਨੰਦ ਰੂਪੀ ਸੂਰਜ ਵਾਲੇ ਚਿੱਤਸਵਰੂਪ ਇਨਸਾਨ ਵਿੱਚ ਜਿਸਦੀਆਂ ਚਿੱਤ ਵਿਰਤੀਆਂ ਘੁਲ ਗਈਆਂ ਹੋਣ ਉਸਦੇ ਲਈ ਵਿਸ਼ਵਕਰਮ ਅਰਥਾਤ ਵਿਸ਼ਵਵਿਵਹਾਰ ਦੀ ਕੀ ਸਥਿਤੀ ਹੋ ਸਕਦੀ ਹੈ।

निरस्तविश्वसम्बाधे निष्कलङ्के चिदम्बरे।
भावयेल्लीनमात्मानं सामरस्यस्वभावतः।।४२।।

42. ਜਿਸ ਲਈ ਵਿਸ਼ਵ ਦੀ ਔਕੜ ਭਾਵ ਜਨਮ ਮਰਨ ਆਦਿ ਦਾ ਬੰਧਨ ਜਿੱਥੇ ਖਤਮ ਹੋ ਗਿਆ ਹੈ ਅਤੇ ਜੋ ਹਰ ਤਰ੍ਹਾਂ ਦੇ ਔਗੁਣਾ ਤੋਂ ਰਹਿਤ ਹੈ ਅਜਿਹੇ ਇਨਸਾਨ ਨੂੰ ਆਪਣੇ ਆਪ ਨੂੰ ਸਵੈ ਸੁਭਾਅ ਵਿੱਚ ਲੀਨ ਸਮਝਣਾ ਚਾਹੀਂਦਾ ਹੈ।

सैषा विद्या परा ज्ञेया सत्तानन्दप्रकाशिनी।
मुक्तिरित्युच्यते सद्भिर्जगन्मोहनिवर्तिनी।।४३।।

43. ਵਿਦਵਾਨਾਂ ਦੁਆਰਾ ਇਸਨੂੰ ਸਰਵਉਚ ਗਿਆਨ ਜੋ ਸਤ-ਚਿੱਤ ਅਤੇ ਆਨੰਦ ਨੂੰ ਪ੍ਰਗਟ ਕਰਦਾ ਹੈ, ਜਗਤ ਦਾ ਮੋਹ ਦੂਰ ਕਰਨ ਵਾਲੀ ਮੁਕਤੀ ਕਿਹਾ ਗਿਆ ਹੈ।

भक्तादिधामार्पित - धर्मयोगात्
प्राप्तैकभावः परमाद्भुतेन।
शिवेन चिद्व्योममयेन साक्षान्-
मोक्षश्रियो भाजनतामुपैति।।४४।।

44. ਸ਼ਿਵਾ ਨਾਲ ਇਕਮਿਕਤਾ ਹਾਂਸਲ ਕਰਨ ਵਾਲਾ ਵਿਅਕਤੀ ਉਪਰ ਦੱਸੀਆਂ ਗਈਆਂ ਧਾਰਮਿਕ ਕਿਰਿਆਵਾਂ ਕਾਰਨ ਸਾਕਸ਼ਾਤ ਮੁਕਤੀ ਦਾ ਪਾਤਰ ਹੁੰਦਾ ਹੈ।

ਪੰਦਰਵਾਂ ਅਧਿਆਇ

षट्स्थलोक्तसदाचारसम्पन्नस्य यथाक्रमम्।
लिङ्गस्थलानि कथ्यन्ते जीवन्मुक्तिपराणि च।।१।।

1. ਸ਼੍ਰੀ ਰੇਣੂਕਾਚਾਰਿਆ ਨੇ ਕਿਹਾ_ ਲਿੰਗ (ਸ਼ਿਵਾ) ਨਾਲ ਸਬੰਧਤ ਸਥਾਲਾ ਜੋ ਕਿ ਜੀਵਨਮੁਕਤੀ ਦੇ ਪੱਖ ਵਿੱਚ ਹਨ, ਹੁਣ ਉਹਨਾਂ ਸਥਾਲਾਂ ਦਾ ਵਰਣਨ ਕੀਤਾ ਜਾ ਰਿਹਾ ਹੈ ਜੋ ਕਿ ਅੰਗ (ਜੀਵ) ਨਾਲ ਸਬੰਧਤ ਛੇ ਸਥਾਲਾ ਵਿੱਚ ਦੱਸੀਆਂ ਗਈਆਂ ਚੰਗੀਆਂ ਕਿਰਿਆਵਾਂ ਨਾਲ ਸਬੰਧਤ ਹਨ।

भक्ताद्यैक्यावसानानि षडुक्तानि स्थलानि च।
लिङ्गस्थलानि कानीह कथ्यन्ते कति वा पुनः।।२।।

2. ਭਗਤਸਥਾਲਾ ਤੋਂ ਲੈ ਕੇ ਏਕਿਆਸਥਾਲਾ ਤੱਕ ਛੇ ਸਥਾਲਾਂ ਬਾਰੇ ਦੱਸਿਆ ਜਾ ਚੁੱਕਿਆ ਹੈ। ਇਹ ਲਿੰਗਸਥਾਲਾ ਕੀ ਹਨ ਅਤੇ ਇਹ ਕਿੰਨੇ ਹਨ ਹੁਣ ਕਿਰਪਾ ਕਰਕੇ ਇਹਨਾਂ ਬਾਰੇ ਦੱਸੋ।

गुर्वादिज्ञानशून्यान्ता भक्तादिस्थलसंश्रिताः।
स्थलभेदाः प्रकीर्त्यन्ते पञ्चाशत् सप्त चाधुना।।३।।

3. ਭਗਤਸਥਾਲਾ ਆਦਿ ਛੇ ਸਥਾਲਾਂ ਦੇ ਅੰਤਰਗਰਤ ਦੀਕਸ਼ਾਗੁਰੂ ਸਥਲ ਤੋਂ ਲੈ ਕੇ ਗਿਆਨਸ਼ੂਨਿਆ ਸਥਲ ਤੱਕ ਸਤਵੰਜਾ ਸਥਲ ਭੇਦਾਂ ਬਾਰੇ ਹੁਣ ਦੱਸਿਆ ਜਾਵੇਗਾ।

आदौ नवस्थलानीह भक्तस्थलसमाश्रयात्।
खकथ्यन्ते गुणसारेण नामान्येषां पृथक् शृणु।।४।।

4. ਨੌਂ ਸਥਲਾਂ (ਸਬ-ਸਥਲਾਂ) ਬਾਰੇ ਇੱਥੇ ਪਹਿਲਾਂ ਦੱਸਿਆ ਜਾ ਰਿਹਾ ਹੈ ਕਿਉਂਕਿ ਇਹ ਭਗਤਸਥਾਲਾ ਵਿੱਚ ਆਉਂਦੇ ਹਨ ਅਤੇ ਕਿਉਂਕਿ ਇਹਨਾਂ ਦੀ ਪਹਿਲਾਂ ਮਹੱਤਤਾ ਹੈ। ਹੁਣ ਇਹਨਾਂ ਨੌਂ ਸਬ-ਸਥਾਲਾਂ ਦੇ ਨਾਮ ਸੁਣੋਂ।

दीक्षागुरुस्थलं पूर्वं ततः शिक्षागुरुस्थलम्।
प्रज्ञागुरुस्थलं चाथ क्रियालिङ्गस्थलं ततः।।५।।

5. ਇਹ ਹਨ ੧) ਦੀਕਸ਼ਾਗੁਰੂਸਥਲ ੨) ਸ਼ਿਕਸ਼ਾਗੁਰੂਸਥਲ ੩) ਪ੍ਰੱਗਿਆਗੁਰੂਸਥਲ ੪) ਕਿਰਿਆਲਿੰਗਸਥਲ ੫) ਭਾਵਲਿੰਗਸਥਲ ੬) ਗਿਆਨਲਿੰਗਸਥਲ ੭) ਸਵਅਸਥਲ ੮) ਪਰਸਥਲ ੯) ਚਰਸਥਲ ਆਦਿ।

भालिङ्गस्थलं चाथ ज्ञानलिङ्गस्थलं ततः।
स्वयं परं चरं चेति तेषां लक्षणमुच्यते।।६।।

6. ਇਹ ਨੌਂ ਸਥਲ ਹਨ, ਹੁਣ ਇਹਨਾਂ ਦੇ ਗੁਣਾਂ ਦੇ ਲੱਛਣਾਂ ਬਾਰੇ ਕਿਹਾ ਜਾ ਰਿਹਾ ਹੈ।

दीयते परमं ज्ञानं क्षीयते पाशबन्धनम्।

यया दीक्षेति सा तस्यां गुरुर्दीक्षागुरुः स्मृतः।।७।।

7. ਜਿਸ ਦੁਆਰਾ ਪਰਮ ਗਿਆਨ ਦਿੱਤਾ ਜਾਂਦਾ ਹੈ ਅਤੇ ਆਵਾਗਮਨ ਦਾ ਦਮਨ ਕੀਤਾ ਜਾਂਦਾ ਹੈ ਉਸਨੂੰ ਦੀਕਸ਼ਾ ਕਹਿੰਦੇ ਹਨ। ਇਸ ਵਿਸ਼ੇ ਨਾਲ ਸਬੰਧਤ ਜੋ ਗੁਰੂ ਹੁੰਦਾ ਹੈ ਉਸਨੂੰ ਦੀਕਸ਼ਾਗੁਰੂ ਕਹਿੰਦੇ ਹਨ।

गुणातीतं गुकारं च रूपातीतं रुकारकम्।

गुणातीतमरूपं च यो दद्यात् स गुरुः स्मृतः।।८।।

8. 'ਗੁ' ਦਾ ਅਰਥ ਹੈ ਜੋ ਗੁਣਾਂ ਤੋਂ ਪਰ੍ਹੇ ਹੁੰਦਾ ਹੈ ਅਤੇ 'ਰੂ' ਦਾ ਅਰਥ ਹੁੰਦਾ ਹੈ ਜੋ ਰੂਪ ਤੋਂ ਪਰ੍ਹੇ ਹੁੰਦਾ ਹੈ। ਜੋ ਗੁਣਾਂ ਤੋਂ ਪਰ੍ਹੇ ਅਰਥਾਤ ਨਿਰਗੁਣ ਦਾ ਅਤੇ ਰੂਪ ਤੋਂ ਪਰ੍ਹੇ ਦਾ ਬੋਧ ਕਰਵਾਉਂਦਾ ਹੈ ਉਸਨੂੰ ਗੁਰੂ ਕਹਿੰਦੇ ਹਨ।

आचिनोति हि शास्त्रार्थानाचारे स्थापयत्यलम्।

स्वयमाचरते यस्मादाचार्यस्तेन चोच्यते।।९।।

9. ਉਸਨੂੰ ਆਚਾਰਿਆ ਕਹਿੰਦੇ ਹਨ ਕਿਉਂਕਿ ਉਹ ਵੀਰਸ਼ੈਵਸ਼ਾਸ਼ਤਰ ਦੀਆਂ ਸਿੱਖਿਆਵਾਂ ਨੂੰ ਇਕੱਠਾ ਕਰਦਾ ਹੈ ਅਤੇ ਆਪਣੇ ਚੇਲਿਆਂ ਨੂੰ ਦ੍ਰਿੜਤਾ ਨਾਲ ਚੰਗੀਆਂ ਕਿਰਿਆਵਾਂ ਦੇ ਰਸਤੇ ਤੇ ਚੱਲਣ ਦੀ ਪ੍ਰੇਰਣਾ ਦਿੰਦਾ ਹੈ ਅਤੇ ਆਪ ਵੀ ਇਹਨਾਂ ਕਿਰਿਆਵਾਂ ਨੂੰ ਕਰਦਾ ਹੈ।

षडध्वातीतयोगेन यतते यस्तु देशिकः।

मायाब्धितरणोपाय-हेतुर्विश्वगुरुः शिवः।।१०।।

10. ਜੋ ਆਚਾਰਿਆ ਛੜਧਵ ਤੋਂ ਪਰ੍ਹੇ ਯੋਗ ਨੂੰ ਲੈ ਕੇ ਕੋਸ਼ਿਸ਼ ਕਰਦਾ ਹੈ ਉਸਨੂੰ ਦੇਸ਼ਿਕ ਕਹਿੰਦੇ ਹਨ। ਮਾਇਆਰੂਪੀ ਸਮੁੰਦਰ ਤੋਂ ਪਾਰ ਲੈ ਜਾਣ ਵਾਲੇ ਸਾਧਨਾਂ ਬਾਰੇ ਦੱਸਣ ਵਾਲਾ ਵਿਸ਼ਵਗੁਰੂ ਹੈ ਅਤੇ ਉਹੀ ਸ਼ਿਵ ਹੈ।

अखण्डं येन चैतन्यं व्यज्यते सर्ववस्तुषु।

आत्मयोगप्रभावेण स गुरुर्विश्वभासकः।।११।।

11. ਉਹ ਗੁਰੂ ਜੋ ਆਤਮਾਂ(ਸ਼ਿਵਾ ਨਾਲ ਇਕਮਿਕਤਾ ਦਾ ਬੋਧ) ਨਾਲ ਜੁੜ ਕੇ ਸਾਰੀਆਂ ਵਸਤਾਂ ਵਿੱਚ ਅਖੰਡ ਚੇਤਨਾਂ ਬਾਰੇ ਬੋਧ ਕਰਵਾਉਂਦਾ ਹੈ ਉਸ ਨੂੰ ਜਗਤਗੁਰੂ ਕਹਿੰਦੇ ਹਨ।

दीक्षागुरुरसौ शिक्षाहेतुः शिष्यस्य बोधकः।

प्रश्नोत्तरप्रवक्ता च शिक्षागुरुरितीर्यते।।१२।।

12. ਉਹ ਦਿਕਸ਼ਾਗੁਰੂ ਜੋ ਚੇਲੇ ਨੂੰ ਦਿਸ਼ਾ ਨਿਰਦੇਸ਼ ਦਿੰਦਾ ਹੈ ਅਤੇ ਉਸ ਦੇ ਸਵਾਲਾਂ ਦਾ ਜਵਾਬ ਦਿੰਦਾ ਹੈ ਉਸਨੂੰ ਨਿਰਦੇਸ਼ ਦੇਣ ਵਾਲਾ ਕੰਮ ਕਰਨ ਕਰਕੇ ਸ਼ਿਕਸ਼ਾਗੁਰੂ ਕਹਿੰਦੇ ਹਨ।

बोधकोऽयं समाख्यातो बोध्यमेतदिति स्फुटम्।

शिष्ये नियुज्यते येन स शिक्षागुरुरुच्यते।।१३।।

13. ਉਸ ਇਨਸਾਨ ਨੂੰ ਅਧਿਆਪਕ ਕਹਿੰਦੇ ਹਨ ਜੋ ਚੇਲੇ ਵਿੱਚ ਸ਼ਿਵਸਿਧਾਂਤ ਦੇ ਗਿਆਨ ਨੂੰ ਨਿਯਮਿਤ ਕਰਦਾ ਹੈ ਇਸਨੂੰ ਸ਼ਿਕਸ਼ਾਗੁਰੂ ਕਹਿੰਦੇ ਹਨ।

संसारतिमिरोन्माथिशरच्चन्द्रमरीचयः ।

वाचो यस्य प्रवर्तन्ते तमाचार्यं प्रचक्षते।।१४।।

14. ਸੰਸਾਰ ਰੂਪੀ ਅੰਧਕਾਰ ਨੂੰ ਨਸ਼ਟ ਕਰਨ ਲਈ ਜਿਸ ਦੀ ਵਾਣੀ(ਆਵਾਜ਼) ਸ਼ਰਤਕਾਲੀਨ ਚੰਦਰਮਾਂ ਦੇ ਬਰਾਬਰ ਕੰਮ ਕਰਦੀ ਹੈ, ਵਿਦਵਾਨ ਲੋਕ ਉਸ ਨੂੰ ਆਚਾਰਿਆ ਕਹਿੰਦੇ ਹਨ।

ददाति यः पतिज्ञानं जगन्मायानिवर्तकम्।

अद्वैतवासनोपायं तमाचार्यवरं विदुः।।१५।।

15. ਜੋ ਉਸ ਪਤੀ(ਸ਼ਿਵਾ) ਦਾ ਗਿਆਨ ਦਿੰਦਾ ਹੈ ਜੋ ਸੰਸਾਰ ਰੂਪੀ ਮਾਇਆ ਨੂੰ ਖਤਮ ਕਰਦਾ ਹੈ ਅਤੇ ਜੋ ਸ਼ਿਵ ਨਾਲ ਅਦਵੈਤ ਦੀ ਡੂੰਘੀ ਭਾਵਨਾ ਦਾ ਸਾਧਨ ਹੈ, ਉਸ ਨੂੰ ਸਭ ਤੋਂ ਅੱਛਾ ਗੁਰੁ ਕਹਿੰਦੇ ਹਨ।

पूर्वपक्षं समादाय जगद्भेदविकल्पनम्।

अद्वैतकृतसिद्धान्तो गुरुरेष गुणाधिकः।।१६।।

16. ਜੋ ਜਗਤ ਦੇ ਵਿਸ਼ੇ ਦੇ ਭੇਦ ਦੀ ਪਰਿਕਲਪਨਾ ਨੂੰ ਪੂਰਵਪਕਸ਼ ਦੇ ਰੂਪ ਵਿੱਚ ਸਵੀਕਾਰ ਕਰੇ, ਜੋ ਸਿਧਾਂਤਪਕਸ਼ ਦੇ ਰੂਪ ਵਿੱਚ ਅਦਵੈਤਵਾਦ ਨੂੰ ਸਥਾਪਿਤ ਕਰਦਾ ਹੈ ਉਹ ਗੁਰੁ ਸ਼੍ਰੇਸ਼ਠ ਗੁਰੁ ਹੁੰਦਾ ਹੈ।

सन्देहवनसन्दोहसमुच्छेदकुठारिका ।

यत्सूक्तिधारा विमला स गुरूणां शिखामणिः।।१७।।

17. ਜਿਸਦੀ ਵਾਣੀ ਦੀ ਤਿੱਖੀ ਧਾਰ ਸ਼ੰਕਿਆਂ ਦੇ ਸੰਘਣੇ ਜੰਗਲ ਨੂੰ ਕੱਟਣ ਦੀ ਸਮਰਥਾ ਰੱਖਦੀ ਹੋਵੇ ਉਹ ਸਾਰੇ ਗੁਰੂਆਂ ਦਾ ਸ਼ਿਖਾਮਣੀ ਹੁੰਦਾ ਹੈ।

यत्सूक्तिदर्पणाभोगे निर्मले दृश्यते सदा।

मोक्षश्रीर्बिम्बरूपेण स गुरुर्भवतारकः।।१८।।

18. ਜਿਸ ਗੁਰੁ ਦੇ ਸ਼ਬਦ ਸਾਫ ਸ਼ੀਸ਼ੇ ਜਿਹੇ ਹੋਣ ਅਤੇ ਜਿਨ੍ਹਾਂ ਵਿੱਚ ਮੁਕਤੀ ਦੇ ਧਨ ਦਾ ਪ੍ਰਤਿਬਿੰਬ ਦਿਸੇ ਅਤੇ ਜੋ ਹੋਂਦ ਦੇ ਸਮੁੰਦਰ ਤੋਂ ਪਾਰ ਲੈ ਜਾ ਸਕਦਾ ਹੋਵੇ ਉਹੀ ਸ਼੍ਰੇਸ਼ਟ ਗੁਰੁ ਹੈ।

शिष्याणां हृदयालेख्यं प्रद्योतयति यः स्वयम्।

ज्ञानदीपिकयानेन गुरुणा कः समो भवेत्?।।१९।।

19. ਉਸ ਗੁਰੁ ਦੇ ਬਰਾਬਰ ਕੌਣ ਹੋ ਸਕਦਾ ਹੈ ਜੋ ਆਪਣੇ ਆਪ ਨੂੰ ਪ੍ਰਕਾਸ਼ਵਾਨ ਕਰਕੇ ਆਪਣੇ ਚੇਲੇ ਦੇ ਦਿਲ ਦੀ ਤਸਵੀਰ ਨੂੰ ਗਿਆਨ ਦੀ ਰੌਸ਼ਨੀ ਨਾਲ ਪ੍ਰਕਾਸ਼ਵਾਨ ਕਰਦਾ ਹੈ।

परमाद्वैतविज्ञानपरमौषधिदानतः ।

संसाररोगनिर्माथी देशिकः केन लभ्यते?।।२०।।

20. ਇਸ ਤਰ੍ਹਾਂ ਦਾ ਗੁਰੁ ਕਿਸ ਕੋਲ ਹੋ ਸਕਦਾ ਹੈ ਜੋ ਆਵਾਗਮਨ ਦੀ ਬਿਮਾਰੀ ਨੂੰ ਸਰਵਉਚ ਅਦਵੈਤਵਾਦ ਦੇ ਗਿਆਨ ਰੂਪੀ ਦਵਾਈ ਨਾਲ ਨਸ਼ਟ ਕਰ ਦਿੰਦਾ ਹੈ।

उपदेष्टोपदेशानां संशयच्छेदकारकः।

सम्यग्ज्ञानप्रदः साक्षादेष ज्ञानगुरुः स्मृतः।।२१।।

21. ਉਹ ਗੁਰੁ ਜੋ ਸਿਖਾਉਣ ਵਾਲਾ ਅਧਿਆਪਕ ਹੁੰਦਾ ਹੈ, ਜੋ ਸਾਰੇ ਸ਼ੰਕੇ ਦੂਰ ਕਰਦਾ ਹੈ ਅਤੇ ਜੋ ਸਹੀ ਗਿਆਨ ਦਾ ਬੋਧ ਕਰਵਾਉਂਦਾ ਹੈ ਉਸਨੂੰ ਗਿਆਨਗੁਰੂ ਕਹਿੰਦੇ ਹਨ।

निरस्तविश्वसम्भेदं निर्विकारं चिदम्बरम्।

साक्षात्करोति यो युक्त्या स ज्ञानगुरुरुच्यते।।२२।।

22. ਵਿਸ਼ਵ ਦੇ ਭੇਦ ਦਾ ਨਾਸ਼ ਕਰਨ ਵਾਲੇ ਚੇਤਨਾਂ ਦੇ ਰੂਪ ਵਿੱਚ ਇਸ ਸੰਸ਼ਾਰ ਦਾ ਧਿਆਨ ਲਗਾਉਣ ਵਾਲੇ ਨੂੰ ਗਿਆਨਗੁਰੂ ਕਹਿੰਦੇ ਹਨ।

कलङ्कवानसौ चन्द्रः क्षयवृद्धिपरिप्लुतः।

निष्कलङ्कस्थितो ज्ञानचन्द्रमा निर्विकारवान्।।२३।।

23. ਇਸ ਚੰਦਰਮਾਂ ਉਤੇ ਕਾਲੇ ਧੱਬੇ ਹਨ ਅਤੇ ਇਹ ਘਟਣ ਅਤੇ ਵਧਣ ਦੀ ਕਿਰਿਆ ਕਰਕੇ ਤਸੀਹਿਆ ਹੋਇਆ ਹੈ। ਪਰ ਗਿਆਨ ਦਾ ਚੰਦਰਮਾਂ ਧੱਬਿਆਂ ਤੋਂ ਰਹਿਤ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਨਿਰਵਿਕਾਰ ਤੋਂ ਰਹਿਤ ਹੈ।

पार्श्वस्थतिमिरं हन्ति प्रदीपो मणिनिर्मितः।

सर्वगामि तमो हन्ति बोधदीपो निरङ्कुशः।।२४।।

24. ਮਣੀਆਂ ਨਾਲ ਬਣਿਆਂ ਹੋਇਆ ਦੀਵਾ ਆਪਣੇ ਨੇੜੇ ਦੇ ਹਨੇਰ੍ਹੇ ਨੂੰ ਦੂਰ ਕਰਦਾ ਹੈ ਜਦਕਿ ਗਿਆਨ ਦਾ ਦੀਵਾ ਸਰਵਵਿਆਪੀ ਅੰਧਕਾਰ ਨੂੰ ਹਟਾ ਦਿੰਦਾ ਹੈ।

सर्वार्थसाधकज्ञानविशेषादेश – तत्परः।

ज्ञानाचार्यः समस्तानामनुग्रहकरः शिवः।।२५।।

25. ਉਹ ਗਿਆਨਗੁਰੂ ਜੋ ਖਾਸ ਗਿਆਨ ਨੂੰ ਵੰਡਣ ਵਿੱਚ ਰੁੱਝਿਆ ਹੁੰਦਾ ਹੈ ਅਤੇ ਸਾਰੀਆਂ ਕਾਮਨਾਵਾਂ ਪੂਰੀਆਂ ਕਰਦਾ ਹੈ ਉਸ ਗਿਆਨਆਚਾਰਿਆ ਨੂੰ ਸਾਕਸ਼ਾਤ ਸ਼ਿਵ ਕਹਿੰਦੇ ਹਨ।

कटाक्षचन्द्रमा यस्य ज्ञानसागरवर्धकः।

संसार – तिमिरच्छेदी स गुरुर्ज्ञानपारगः।।२६।।

26. ਜਿਸਦੇ ਪਾਸੇ ਦੇ ਚੰਦਰਮਾਂ ਦੀ ਰੌਸ਼ਨੀ ਗਿਆਨ ਦੇ ਸਮੁੰਦਰ ਨੂੰ ਵਧਾਉਂਦੀ ਹੈ ਅਤੇ ਆਵਾਗਮਨ ਦੇ ਹਨ੍ਹੇਰੇ ਨੂੰ ਦੂਰ ਕਰਦੀ ਹੈ ਅਜਿਹਾ ਗੁਰੂ ਗਿਆਨ ਦੇ ਦੂਦਰੇ ਕਿਨਾਰੇ ਤੇ ਪਹੁੰਚ ਜਾਂਦਾ ਹੈ।

बहिस्तिमिरविच्छेत्ता भानुरेष प्रकीर्तितः।

बहिरन्तस्तमश्छेदी विभुर्देशिकभास्करः।।२७।।

27. ਸੂਰਜ ਨੂੰ ਬਾਹਰ ਦੇ ਅੰਧਕਾਰ ਦਾ ਨਾਸ਼ਕ ਕਹਿੰਦੇ ਹਨ। ਗੁਰੂ ਰੂਪੀ ਸੂਰਜ ਜੋ ਸਰਵਵਿਆਪੀ ਹੁੰਦਾ ਹੈ ਬਾਹਰਲੇ ਅਤੇ ਅੰਦਰੂਨੀ ਅੰਧਕਾਰ ਨੂੰ ਖਤਮ ਕਰਨ ਦੇ ਯੋਗ ਹੁੰਦਾ ਹੈ।

कटाक्षलेशमात्रेण विना ध्यानादिकल्पनम्।

शिवत्वं भावयेद्यत्र स वेदः शाम्भवो मतः।।२८।।

28. ਜਿਸ ਵਿੱਚ ਅੰਤਰਧਿਆਨ ਦੀ ਸਾਧਨਾਂ ਤੋਂ ਬਗੈਰ ਗੁਰੂ ਦੀ ਝਲਕ ਮਾਤਰ ਨਾਲ ਸ਼ਿਵ ਦੇ ਵਿਚਾਰ ਸਾਫ ਨਜ਼ਰ ਆਉਂਦੇ ਹਨ ਉਸਨੂੰ ਸਿਵ ਨਾਲ ਸਬੰਧਤ ਵੇਦ(ਸ਼ੰਭੂਗਿਆਨ) ਕਹਿੰਦੇ ਹਨ।

शिववेदकरे ज्ञाने दत्ते येन सुनिर्मले।

जीवन्मुक्तो भवेच्छिष्यः स गुरुर्ज्ञानसागरः।।२९।।

29. ਜਿਸ ਗੁਰੂ ਦੁਆਰਾ ਸ਼ਿਵਭਾਵਨਾਂ ਉਤਪੰਨ ਕਰਨ ਵਾਲਾ ਨਿਰਮਲ ਗਿਆਨ ਦਿੱਤੇ ਜਾਣ ਨਾਲ ਚੇਲਾ ਜੀਵਨਮੁਕਤ ਹੋ ਜਾਂਦਾ ਹੈ ਉਹ ਗੁਰੂ ਗਿਆਨ ਦਾ ਸਾਗਰ ਹੈ।

गुरोर्विज्ञानयोगेन क्रिया यत्र विलीयते।

तत्क्रियालिङ्गमाख्यातं सर्वैरागमपारगैः।।३०।।

30. ਉਹ ਲਿੰਗ ਜਿਸ ਵਿੱਚ ਗੁਰੂ ਦੁਆਰਾ ਦਿੱਤਾ ਗਿਆ ਧਾਰਮਿਕ ਗਿਆਨ ਕਿਰਿਆ(ਪੂਜਾ) ਵਿੱਚ ਸੰਮਿਲਿਤ ਹੋ ਜਾਂਦਾ ਹੈ ਉਸਨੂੰ ਸ਼ਿਵਆਗਮਾਂ ਦੇ ਵਿਦਵਾਨ ਕਿਰਿਆਲਿੰਗ ਕਹਿੰਦੇ ਹਨ।

परानन्दचिदाकारं परब्रह्मैव केवलम्।

लिङ्गं सद्रूपतापन्नं लक्ष्यते विश्वसिद्धये।।३१।।

31. ਉਹ ਲਿੰਗ ਜੋ ਸਰਵਉਚ ਆਸ਼ੀਸ਼ ਅਤੇ ਗਿਆਨ ਦਾ ਪ੍ਰਤੀਕ ਹੈ ਅਤੇ ਜੋ ਆਪਣੇ ਆਪ ਵਿੱਚ ਪਾਰਬ੍ਰਹਮ ਹੈ ਸਾਰੀਆਂ ਕੋਸ਼ਿਸ਼ਾਂ ਦੀ ਪ੍ਰਾਪਤੀ ਲਈ ਹੋਂਦ ਦਾ ਰੂਪ ਧਾਰਨ ਕਰਦਾ ਹੈ।

लिङ्गमेव परं ज्योतिर्भवति ब्रह्म केवलम्।

तस्मात् तत्पूजनादेव सर्वकर्मफलोदयः।।३२।।

32. ਬ੍ਰਹਾਮਣ ਜੋ ਪਰਮਜਯੋਤੀ ਹੈ ਉਹ ਹੀ ਲਿੰਗ ਹੈ। ਇਸ ਲਈ ਸਿਰਫ ਇਸ ਦੀ ਪੂਜਾ ਕਰਨ ਨਾਲ ਸਾਰੇ ਕਰਮਾਂ ਦੇ ਫਲ ਮਿਲਦੇ ਹਨ।

परित्यज्य क्रियाः सर्वा लिङ्गपूजैकतत्पराः।

वर्तन्ते योगिनः सर्वे तस्माल्लिङ्गं विशिष्यते।।३३।।

33. ਸਾਰੇ ਯੋਗੀ ਜਨ ਸਾਰੀਆਂ ਕਿਰਿਆਵਾਂ ਛੱਡ ਕੇ ਕੇਵਲ ਲਿੰਗਪੂਜਾ ਵਿੱਚ ਤਤਪਰ ਰਹਿੰਦੇ ਹਨ ਇਸ ਲਈ ਕਿਰਿਆਲਿੰਗ ਸ਼੍ਰੇਸ਼ਠ ਹੈ।

यज्ञादयः क्रियाः सर्वा लिङ्गपूजांशसम्मिताः।

इति यत्पूज्यते सिद्धैस्तत्क्रियालिङ्गमुच्यते।।३४।।

34. 'ਯੱਗ ਆਦਿ ਸਾਰੀਆਂ ਕਿਰਿਆਵਾਂ ਲਿੰਗਪੂਜਾ ਦੇ ਅੰਸ਼ਮਾਤਰ ਦੇ ਬਰਾਬਰ ਹਨ' - ਇਸ ਭਾਵਨਾਂ ਨਾਲ ਜਿਸਦੀ ਸਿੱਧ ਲੋਕ ਪੂਜਾ ਕਰਦੇ ਹਨ ਉਸਨੂੰ ਕਿਰਿਆਲਿੰਗ ਕਿਹਾ ਜਾਂਦਾ ਹੈ।

किं यज्ञैरग्निहोत्राद्यैः? किं तपोभिश्च दुष्करैः?।

लिङ्गार्चनरतिर्यस्य स सिद्धः सर्वकर्मसु।।३५।।

35. 'ਅਗਨੀਹੋਤਰ' ਆਦਿ ਯੱਗਾਂ ਅਤੇ ਸਖਤ ਰੂਪ ਵਿੱਚ ਕੀਤੀਆਂ ਸਾਧਨਾਵਾਂ ਦਾ ਕੀ ਲਾਭ? ਜਿਸਦੀ ਲਿੰਗ ਦੀ ਪੂਜਾ ਵਿੱਚ ਡੂੰਘੀ ਦਿਲਚਸਪੀ ਹੈ ਉਸਦੀਆਂ ਸਾਰੀਆਂ ਕਿਰਿਆਵਾਂ ਸਿੱਧ ਹਨ।

ब्रह्मविष्णवादयः सर्वे विबुधा लिङ्गमाश्रिताः।

सिद्धाः स्वस्वपदे भान्ति जगत्तन्त्राधिकारिणः।।३६।।

36. ਸਾਰੇ ਦੇਵਤੇ ਬ੍ਰਹਮਾਂ ਵਿਸ਼ਨੂ ਆਦਿ ਲਿੰਗ ਨੂੰ ਸਮਰਪਿਤ ਹਨ ਅਤੇ ਸਿੱਧ ਹੋ ਗਏ ਹਨ ਅਤੇ ਇਸ ਸੰਸਾਰ ਦੇ ਅਧਿਕਾਰੀ ਦੇ ਰੂਪ ਵਿਚ ਆਪਣੀਆਂ ਉਪਾਧੀਆਂ ਮਾਣ ਰਹੇ ਹਨ।

क्रिया यथा लयं प्राप्ता तथा भावोऽपि लीयते।

यत्र तद्देशिकैरुक्तं भावलिङ्गमिति स्फुटम्।।३७।।

37. ਜਿਸ ਤਰ੍ਹਾਂ ਕਿਰਿਆ(ਕਿਰਿਆਲਿੰਗ ਵਿੱਚ) ਲੀਨ ਹੋ ਜਾਂਦੀ ਹੈ ਉਸੇ ਤਰ੍ਹਾਂ ਜਦੋਂ ਭਾਵਨਾਵਾਂ ਵੀ ਲੀਨ ਹੋ ਜਾਂਦੀਆਂ ਹਨ ਉਸਨੂੰ ਆਚਾਰਿਆ ਲੋਕ ਸਪੱਸ਼ਟ ਭਾਵਲਿੰਗ ਕਹਿੰਦੇ ਹਨ।

भावेन गृह्यते देवो भगवान् परमः शिवः।

किं तेन क्रियते तस्य नित्यपूर्णो हि स स्मृतः।।३८।।

38. ਭਗਵਾਨ ਪਰਮ ਸ਼ਿਵ ਭਾਵਨਾਂ(ਅਰਥਾਤ ਨਿਰਮਲ ਹਿਰਦੇ ਦੀ ਭਾਵਨਾਂ) ਨਾਲ ਵੱਸ਼ ਵਿੱਚ ਹੁੰਦੇ ਹਨ। ਉਸ(ਅਰਥਾਤ ਬ੍ਰਹਮਾਂ ਪੂਜਾ ਆਦਿ) ਤੋਂ ਉਹਨਾਂ ਨੇ ਕੀ ਲੈਣਾ? ਉਹ(ਭਗਵਾਨ) ਤਾਂ ਆਪਣੇ ਆਪ ਵਿੱਚ ਸੰਪੰਨ ਹਨ।

अखण्डपरमानन्दबोधरूपः परः शिवः।

भक्तानामुपचारेण भावयोगात् प्रसीदति।।३९।।

39. ਪਰਮਸ਼ਿਵ ਅਖੰਡ ਪਰਮਾਨੰਦ ਅਤੇ ਗਿਆਨਸਵਰੂਪ ਹਨ। ਭਗਤਾਂ ਦੇ ਉਪਚਾਰ (ਅਰਥਾਤ ਪੂਜਾ ਸਮੱਗਰੀ ਆਦਿ) ਅਤੇ ਭਾਵਨਾਂਵਾਂ ਦੁਆਰਾ ਉਹ ਪ੍ਰਸੰਨ ਹੁੰਦੇ ਹਨ।

मृच्छिलाविहिताल्लिङ्गाद् भावलिङ्गं विशिष्यते।

निरस्तसर्वदोषत्वाद् ज्ञानमार्गप्रवेशनात्।।४०।।

40. ਮਿੱਟੀ ਅਤੇ ਪੱਥਰ ਦੇ ਲਿੰਗ ਦੀ ਬਜਾਇ ਭਾਵਨਾਂਲਿੰਗ ਵਿਸ਼ੇਸ਼ ਅਰਥਾਤ ਸ਼੍ਰੇਸ਼ਠ ਹੁੰਦਾ ਹੈ ਕਿਉਂਕਿ ਉਹ ਸਾਰੇ ਦੋਸ਼ਾਂ ਤੋਂ ਰਹਿਤ ਹੁੰਦਾ ਹੈ ਅਤੇ ਉਹ ਭਗਤਾਂ ਨੂੰ ਗਿਆਨ ਮਾਰਗ ਵਿੱਚ ਪ੍ਰਵੇਸ਼ ਕਰਾਉਂਦਾ ਹੈ।

विहाय बाह्यलिङ्गानि चिल्लिङ्गं मनसि स्मरन्।

पूजयेद् भावपुष्पैर्यो भावलिङ्गीति कथ्यते।।४१।।

41. ਉਹ ਭਗਤ ਜੋ ਬਾਹਰੀ ਲਿੰਗਾਂ ਨੂੰ ਛੱਡਕੇ ਗਿਆਨ(ਚੇਤਨਾਂ) ਰੂਪੀ ਲਿੰਗ ਦਾ ਮਨ ਵਿੱਚ ਧਿਆਨ ਕਰਦਾ ਹੈ ਅਤੇ ਭਾਵਨਾਵਾਂ ਦੇ ਫੁੱਲਾਂ ਨਾਲ ਉਸਦੀ ਪੂਜਾ ਕਰਦਾ ਹੈ ਉਸਨੂੰ ਭਾਵਲਿੰਗੀ ਕਿਹਾ ਜਾਂਦਾ ਹੈ।

मूलाधारेऽथवा चित्ते भ्रूमध्ये वा सुनिर्मलम्।

दीपाकारं यजन् लिङ्गं भावद्रव्यैः स योगवान्।।४२।।

42. ਮੂਲਾਧਾਰ, ਦਿਲ ਅਤੇ ਭ੍ਰਮੱਧ ਵਿੱਚ ਜੋ ਨਿਰਮਲ ਦੀਪਕਲਿਕਾ ਦੇ ਆਕਾਰ ਵਾਲੇ ਲਿੰਗ ਦੀ ਜੋ ਭਾਵਨਾਵਾਂ ਨਾਲ ਪੂਜਾ ਕਰਦਾ ਹੈ ਉਸਨੂੰ ਸ਼ਿਵਯੋਗੀ ਕਹਿੰਦੇ ਹਨ।

स्वानुभूतिप्रमाणेन ज्योतिर्लिङ्गेन संयुतः।

शिलामृद्दारुसम्भूतं न लिङ्गं पूजयत्यसौ।।४३।।

43. ਜੋ ਆਪਣੇ ਅਨੁਭਵ ਦੇ ਸਬੂਤਾਂ ਵਾਲੇ ਜਯੋਤੀਲਿੰਗ ਨਾਲ ਯੁਕਤ ਹੁੰਦਾ ਹੈ ਉਹ ਮਿੱਟੀ ਅਤੇ ਲੱਕੜੀ ਦੇ ਲਿੰਗ ਦੀ ਪੂਜਾ ਨਹੀਂ ਕਰਦਾ।

क्रियारूपा तु या पूजा सा ज्ञेया स्वल्पसंविदाम्।

आन्तरा भावपूजा तु शिवस्य ज्ञानिनां मता।।४४।।

44. ਸ਼ਿਵ ਦੀ ਜੋ ਕਿਰਿਆਰੂਪੀ ਪੂਜਾ ਹੈ ਉਹ ਅਲਪਗਿਆਨੀ ਲੋਕ ਕਰਦੇ ਹਨ। ਸ਼ਿਵ ਦੀ ਆਂਤਰਿਕ ਭਾਵਪੂਜਾ ਗਿਆਨੀਆਂ ਦੀ ਪੂਜਾ ਮੰਨੀ ਗਈ ਹੈ।

तद्भावज्ञापकं ज्ञानं लयं यत्र समश्नुते।

तज्ज्ञानलिङ्गमाख्यातं शिवतत्त्वार्थकोविदैः।।४५।।

45. ਸ਼ਿਵਤੱਤਵ ਦੇ ਭੇਦਾਂ ਨੂੰ ਜਾਣਨ ਵਾਲੇ ਭਾਵ ਵੀਰਸ਼ੈਵਾਂ ਦੁਆਰਾ ਉਸ ਲਿੰਗ ਨੂੰ ਜਿਸ ਵਿੱਚ ਭਾਵਲਿੰਗ ਦੁਆਰਾ ਪ੍ਰਸਾਰਿਤ ਗਿਆਨ ਲੀਨ ਹੋ ਜਾਂਦਾ ਹੈ ਗਿਆਨਲਿੰਗ(ਗਿਆਨ ਦੇ ਸੁਭਾਅ ਵਾਲਾ ਲਿੰਗ) ਕਿਹਾ ਜਾਂਦਾ ਹੈ।

त्रिमूर्तिभेद – निर्मूलं त्रिगुणातीतवैभवम्।

ब्रह्म यद् बोध्यते तत्तु ज्ञानलिङ्गमुदाहृतम्।।४६।।

46. ਬ੍ਰਹਮਾਂ, ਵਿਸ਼ਣੂ ਅਤੇ ਰੁਦਰ ਰੂਪੀ ਤ੍ਰਿਮੂਰਤੀ ਦੇ ਭੇਦ ਤੋਂ ਰਹਿਤ ਸਤਵ, ਰਜਸ ਅਤੇ ਤਮਸ ਆਦਿ ਇਹਨਾਂ ਗੁਣਾਂ ਤੋਂ ਪਰ੍ਹੇ ਵਾਲਾ ਬ੍ਰਹਮਾਂ ਜਿਸ ਦੁਆਰਾ ਦੱਸਿਆਂ ਜਾਂਦਾ ਹੈ ਉਸਨੂੰ ਗਿਆਨਲਿੰਗ ਕਹਿੰਦੇ ਹਨ।

स्थूले क्रियासमापत्तिः सूक्ष्मे भावस्य सङ्गमः।
स्थूलसूक्ष्मपदातीते ज्ञानमेव परात्मनि।।४७।।

47. ਕਿਰਿਆ(ਪੂਜਾ ਦੀ ਕਿਰਿਆ) ਸਥੂਲਾ ਲਿੰਗ ਨਾਲ ਸਬੰਧਤ ਹੁੰਦੀ ਹੈ, ਸ਼ੁੱਧ ਭਾਵਨਾਵਾਂ ਸੂਖਮਲਿੰਗ ਨਾਲ ਸਬੰਧਤ ਹੁੰਦੀਆਂ ਹਨ ਅਤੇ ਪ੍ਰਾਤਮਾਂ, ਜੋ ਕਿ ਸਥੂਲ ਅਤੇ ਸੂਖਮ ਦੋਨਾਂ ਤੋਂ ਉਪਰ ਹੈ, ਦੇ ਸਬੰਧ ਵਿੱਚ ਹੋਰ ਕੁਝ ਨਹੀਂ ਬਲਕਿ ਗਿਆਨ ਸਬੰਧਤ ਹੈ।

कल्पितानि हि रूपाणि स्थूलानि परमात्मनः।
सूक्ष्माण्यपि च तैः किं वा? परबोधं समाचरेत्।।४८।।

48. ਸਥੂਲ ਅਤੇ ਸੂਖਮ ਦੋਵੇਂ ਪਰਮਾਤਮਾਂ ਦੇ ਹੀ ਮਾਇਆ ਦੁਆਰਾ ਕਲਪਨਾਂ ਕੀਤੇ ਰੂਪ ਹਨ। ਉਹਨਾਂ ਤੋਂ ਕੀ ਲੈਣਾ ਦੇਣਾ ਅਰਥਾਤ ਇਹ ਮੁਕਤੀ ਦੇ ਸਾਧਨ ਨਹੀਂ ਹੋ ਸਕਦੇ। ਪਰਬੋਧਰੂਪ ਤ੍ਰਿਪਤੀ ਲਿੰਗ ਨੂੰ ਆਪਣੇ ਆਚਰਣ ਵਿੱਚ ਰੱਖਣਾ ਚਾਹੀਂਦਾ ਹੈ ਅਰਥਾਤ ਗਿਆਨ ਦਾ ਵਿਸ਼ਾ ਬਣਾਉਣਾਂ ਚਾਹੀਂਦਾ ਹੈ।

परात्परं तु यद्ब्रह्म परमानन्दलक्षणम्।
शिवाख्यं ज्ञायते येन ज्ञानलिङ्गीति कथ्यते।।४९।।

49. ਜੋ ਬ੍ਰਹਮਾਂ ਨੂੰ ਜਾਣਦਾ ਹੈ ਜੋ ਕਿ ਉੱਚਿਆਂ ਤੋਂ ਵੀ ਉੱਚਾ ਹੈ ਅਤੇ ਜੋ ਆਸ਼ੀਸ਼ ਦੀ ਵਿਸ਼ੇਸ਼ਤਾ ਰੱਖਦਾ ਹੈ ਅਤੇ ਸ਼ਿਵਰੂਪ ਹੈ ਉਸਨੂੰ ਗਿਆਨਲਿੰਗੀ ਕਹਿੰਦੇ ਹਨ।

बाह्यक्रियां परित्यज्य चिन्तामपि च मानसीम्।
अखण्डज्ञानरूपत्वं यो भजेन्मुक्त एव सः।।५०।।

50. ਜੋ ਬਾਹਰੀ ਰੂਪ ਵਿੱਚ ਪੂਜਾ ਨੂੰ ਛੱਡ ਕੇ ਸੰਪੂਰਣ ਗਿਆਨ ਦਾ ਰੂਪ ਲੈ ਲੈਂਦਾ ਹੈ ਅਤੇ ਸੋਚਾਂ ਨੂੰ ਦਿਮਾਗੀ ਤੌਰ ਤੇ ਧਾਰਨ ਕਰ ਲੈਂਦਾ ਹੈ ਅਸਲ ਵਿੱਚ ਉਹ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ।

तद्भावज्ञापकज्ञानं यत्र ज्ञाने लयं व्रजेत्।
तद्वानेष समाख्यातः स्वाभिधानो मनीषिभिः।।५१।।

51. ਜਿਸਨੂੰ ਆਤਮਗਿਆਨ ਹੁੰਦਾ ਹੈ ਅਤੇ ਉਸ ਵਿੱਚ ਗਿਆਨਲਿੰਗ ਦੇ ਗਿਆਨ ਨੂੰ ਸਮੋ ਲੈਂਦਾ ਹੈ ਉਸਨੂੰ ਸੰਤਾਂ ਦੁਆਰਾ ਸਵੈਲਿੰਗ(ਸਵੈਲਿੰਗ- ਜੋ ਆਪਣੇ ਆਪ ਨੂੰ ਲਿੰਗ ਦੇ ਤੌਰ ਤੇ ਜਾਣਦਾ ਹੈ) ਕਿਹਾ ਜਾਂਦਾ ਹੈ।

स्वच्छन्दाचारसन्तुष्टो ज्योतिर्लिङ्गपरायणः।
आत्मस्थसकलाकारः स्वाभिधो मुनिसत्तमः।।५२।।

52. ਸਵੱਛ ਆਚਾਰ ਤੋਂ ਸੰਤੁਸ਼ਟ ਜਯੋਤੀਲਿੰਗ ਦੀ ਪੂਜਾ ਅਰਚਨਾ ਲਈ ਤਤਪਰ ਅਤੇ ਆਪਣੀ ਆਤਮਾਂ ਵਿੱਚ ਸੰਪੂਰਨ ਆਕਾਰ ਜਾਂ ਵਿਸ਼ਵ ਨੂੰ ਵੇਖਣ ਵਾਲੇ ਮੁਨੀਵਰ ਨੂੰ ਸਵੈ ਕਿਹਾ ਜਾਂਦਾ ਹੈ।

निर्ममो निरहङ्कारो निरस्तक्लेशपञ्चकः।

भिक्षाशी समबुद्धिश्च मुक्तप्रायो मुनिर्भवेत्।।५३।।

53. ਉਹ ਰਿਸ਼ੀ ਜੋ ਸਭ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ, ਅਹੰਕਾਰ ਤੋਂ ਰਹਿਤ ਹੁੰਦਾ ਹੈ, ਪੰਜ ਕਲੇਸ਼ਾਂ ਨੂੰ ਸਮਾਪਤ ਕਰਨਾ ਵਾਲਾ, ਭਿੱਖਿਆ ਮੰਗ ਕੇ ਭੋਜਨ ਕਰਨ ਵਾਲਾ ਸਮਝ ਵਾਲੀ ਬੁੱਧੀ ਵਾਲਾ ਰਿਸ਼ੀ ਮੁਕਤੀ ਦੇ ਯੋਗ ਹੁੰਦਾ ਹੈ।

यदृच्छालाभसन्तुष्टो भस्मनिष्ठो जितेन्द्रियः।

समवृत्तिर्भवेद्योगी भिक्षुके वा नृपेऽथवा।।५४।।

54. ਜਿੰਨ੍ਹਾਂ ਅਤੇ ਜੋ ਕੁਝ ਮਿਲਦਾ ਹੈ ਉਸਤੋਂ ਸੰਤੁਸ਼ਟ, ਭਸਮ ਧਾਰਨ ਕਰਨ ਵਿੱਚ ਸ਼ਰਧਾ ਰੱਖਣ ਵਾਲਾ, ਜਿਸਨੇ ਆਪਣੀਆਂ ਗਿਆਨ ਇੰਦਰੀਆਂ ਤੇ ਕਾਬੂ ਪਾ ਲਿਆ ਹੋਵੇ ਅਤੇ ਭਿਖਾਰੀ ਤੇ ਰਾਜਿਆਂ ਲਈ ਇੱਕੋ ਜਿਹਾ ਵਿਵਹਾਰ ਰੱਖਣ ਵਾਲਾ ਹੀ ਅਸਲੀ ਸ਼ਿਵਯੋਗੀ ਹੁੰਦਾ ਹੈ।

पश्यन् सर्वाणि भूतानि संसारस्थानि सर्वशः।

स्मयमानः परानन्दे लीनात्मा वर्तते सुधीः।।५५।।

55. ਇੱਕ ਸਿਆਣਾ ਇਨਸਾਨ ਸਰਵਉਚ ਆਸ਼ੀਸ਼ ਵਿੱਚ ਲੀਨ ਰਹਿਣ ਵਾਲਾ ਅਤੇ ਸੰਸਾਰ ਵਿੱਚ ਰਹਿਣ ਵਾਲੇ ਸਾਰੇ ਪ੍ਰਾਣੀਆਂ ਨੂੰ ਮੁਸਕਰਾਹਟ ਦੇ ਨਾਲ ਦੇਖਦਾ ਹੋਇਆ ਵਿਵਹਾਰ ਕਰਦਾ ਹੈ।

ध्यानं शैवं तथा ज्ञानं भिक्षा चैकान्तशीलता।

यतेश्चत्वारि कर्माणि न पञ्चममिहेष्यते।।५६।।

56. ਸ਼ਿਵ ਦਾ ਗਿਆਨ, ਸ਼ਿਵ ਦਾ ਧਿਆਨ, ਭਿੱਖਿਆ ਅਤੇ ਇਕਾਂਤਵਾਸ - ਸ਼ਿਵਯੋਗੀ ਦੇ ਇਹ ਚਾਰ ਹੀ ਕਰਮ ਹੁੰਦੇ ਹਨ। ਇਸ ਸੰਸਾਰ ਵਿੱਚ ਉਸਦਾ ਕੋਈ ਪੰਜਵਾਂ ਕਰਮ ਨਹੀਂ ਹੈ।

स्वरूपज्ञानसम्पन्नो ध्वस्ताहंममताकृतिः।

सर्वमेव स्वयं भूत्वा चरतीति चराभिधः।।५७।।

57. ਸਵੈਲਿੰਗੀ(ਜੋ ਆਤਮਗਿਆਨ ਰੱਖਦਾ ਹੈ) ਜਿਸ ਨੇ ਅਹੰਕਾਰ ਅਤੇ ਮਮਕਾਰ(ਅਰਥਾਤ 'ਮੈਂ" ਅਤੇ 'ਮੇਰਾ') ਇਸ ਭਾਵਨਾਂ ਨੂੰ ਨਸ਼ਟ ਕਰ ਦਿੱਤਾ ਹੈ ਅਤੇ ਇਸ ਤਰ੍ਹਾਂ ਸਵੈਸਥਲੀ ਹੋ ਕੇ ਇਸ ਸੰਸਾਰ ਵਿੱਚ ਵਿਚਰਦਾ ਹੈ ਉਸਨੂੰ 'ਚਰਸਥਲ' ਕਹਿੰਦੇ ਹਨ।

क़ामक्रोधादिनिर्मुक्तः शान्तिदान्तिसमन्वितः।

समबुद्धया चरेद्योगी सर्वत्र शिवबुद्धिमान्।।५८।।

58. ਕਾਮ, ਕ੍ਰੋਧ ਆਦਿ ਤੋਂ ਰਹਿਤ, ਸ਼ਾਂਤੀ ਅਤੇ ਸੰਜਮ ਨਾਲ ਭਰਿਆ ਹੋਇਆ ਯੋਗੀ ਹਰ ਇੱਕ ਵਿੱਚ ਸ਼ਿਵਾ ਨੂੰ ਵਿਦਿਆਮਾਨ ਹੋਇਆ ਸਮਝਦਾ ਹੈ ਅਤੇ ਸਭ ਲਈ ਇੱਕੋ ਜਿਹਾ ਵਿਵਹਾਰ ਰੱਖਦਾ ਹੈ।

इदं मुख्यमिदं हीनमिति चिन्तामकल्पयन्।

सर्वत्र सञ्चरेद्योगी सर्वं ब्रह्मेति भावयन्।।५९।।

59. ਉਹ ਯੋਗੀ ਹਰ ਜਗ੍ਹਾ ਘੁੰਮਦਾ ਹੋਇਆ ਇਹ ਸੋਚ ਨਹੀਂ ਰੱਖਦਾ ਕਿ ਇਹ 'ਉੱਤਮ' ਹੈ ਜਾਂ ਇਹ 'ਖਰਾਬ' ਹੈ ਬਲਕਿ ਹਰ ਇੱਕ ਨੂੰ ਬ੍ਰਹਮਾਂ ਦਾ ਰੂਪ ਹੀ ਸਮਝਦਾ ਹੈ।

न सम्मानेषु सम्प्रीतिं नावमानेषु च व्यथाम्।

कुर्वाणः सञ्चरेद्योगी कूटस्थे स्वात्मनि स्थितः।।६०।।

60. ਉਹ ਯੋਗੀ ਆਪਣੇ ਆਪ ਵਿੱਚ ਮਸਤ ਰਹਿੰਦਾ ਹੈ ਅਤੇ ਆਪਣੇ ਆਪ ਨੂੰ ਸਰਵਉਚ ਆਤਮਾਂ ਵਿੱਚ ਲੀਨ ਹੋਇਆ ਸਮਝਦਾ ਹੈ ਨਾਂ ਹੀ ਉਹ ਪ੍ਰਸ਼ੰਸਾ ਹੋਣ ਤੇ ਖੁਸ਼ ਹੁੰਦਾ ਹੈ ਅਤੇ ਨਾਂ ਹੀ ਅਪਮਾਨ ਹੋਣ ਤੇ ਦੁਖੀ ਹੁੰਦਾ ਹੈ।

अप्राकृतैर्गुणैः स्वीयैः सर्वं विस्मापयन् जनम्।

अद्वैतपरमानन्दमुदितो देहिवच्चरेत्।।६१।।

61. ਉਹ ਅਦਵੈਤ ਪਰਮਾਨੰਦ ਵਿੱਚ ਆਨੰਦਿਤ ਇੱਕ ਸਾਧਾਰਣ ਮਨੁੱਖ ਦੀ ਤਰ੍ਹਾਂ ਆਚਰਣ ਰੱਖਦਾ ਹੈ ਅਤੇ ਉਹ ਆਪਣੇ ਅਲੌਕਿਕ ਗੁਣਾਂ ਕਰਕੇ ਸਾਰੇ ਸੰਸਾਰ ਨੂਮ ਹੈਰਾਨ ਕਰਦਾ ਰਹਿੰਦਾ ਹੈ।

न प्रपञ्चे निजे देहे न धर्मे न च दुष्कृते।

गतवैषम्यधीर्धीरो यतिश्चरति देहिवत्।।६२।।

62. ਇੱਕ ਸਿਆਣਾ ਯੋਗੀ ਸੰਸਾਰ ਵਿੱਚ ਅਸਮਾਨਤਾ ਦੇ ਵਿਚਾਰਾਂ ਤੋਂ ਮੁਕਤ ਹੋ ਕੇ ਆਪਣੇ ਸ਼ਰੀਰ, ਗੁਣਾਂ ਜਾਂ ਔਗੁਣਾਂ ਨਾਲ ਇਸ ਸੰਸਾਰ ਵਿੱਚ ਵਿਚਰਦਾ ਹੈ।

प्राकृतैश्वर्यसम्पत्तिपराङ्मुखमनः - स्थितिः।

चिदानन्दनिजात्मस्थो मोदते मुनिपुङ्गवः।।६३।।

63. ਇੱਕ ਉੱਤਮ ਯੋਗੀ(ਸ਼ਿਵਯੋਗੀ) ਅਜਿਹੀ ਮਾਨਸਿਕ ਸਥਿਤੀ ਰੱਖਦਾ ਹੈ ਜੋ ਸਾਧਾਰਣ ਹੋਣ ਦੀ ਉਦਾਰਤਾ ਤੋਂ ਪਰ੍ਹੇ ਹੁੰਦੀ ਹੈ ਅਤੇ ਉਹ ਆਪਣੇ ਆਪ ਵਿੱਚ ਸਰਵਉਚ ਆਸ਼ੀਸ਼ ਨੂੰ ਭੋਗਦਾ ਹੋਇਆ ਵਿਚਰਦਾ ਹੈ।

स्वयमेव स्वयं भूत्वा चरतः स्वस्वरूपतः।

परं नास्तीति बोधस्य परत्वमभिधीयते।।६४।।

64. ਸਵੈਮੇਵ ਸਵੈ ਹੋ ਕੇ ਆਪਣੇ ਸਰੂਪ ਦਾ ਆਚਰਣ ਕਰਨ ਵਾਲੇ ਸ਼ਿਵਯੋਗੀ ਦਾ ਸ਼ਿਵ ਤੋਂ ਬਿਨ੍ਹਾਂ ਕੋਈ ਦੂਸਰਾ ਨਹੀਂ ਹੁੰਦਾ । ਉਸਦੇ ਇਸ ਗਿਆਨ ਨੂੰ ਪਰਤੱਤਵ ਕਹਿੰਦੇ ਹਨ।

स्वतन्त्रः सर्वकृत्येषु स्वं परत्वेन भावितः।

तृणीकुर्वन् जगज्जालं वर्तते शिवयोगिराट्।।६५।।

65. ਸਾਰਿਆਂ ਕੰਮਾਂ ਤੋਂ ਮੁਕਤ ਅਤੇ ਆਪਣੇ ਆਪ ਨੂੰ ਪਰਤੱਤਵ ਰੂਪ(ਸਰਵਉਚ) ਸਮਝਣ ਵਾਲਾ ਅਤੇ ਸੰਸਾਰ ਨੂੰ ਤੁੱਛ(ਇੱਕ ਤਿਨਕੇ ਦੇ ਸਮਾਨ) ਸਮਝਣ ਵਾਲਾ ਸ਼ਿਵਯੋਗੀ ਵਿਰਾਟ ਹੁੰਦਾ ਹੈ।

वर्णाश्रमसमाचारमार्गनिष्ठापराङ्मुखः ।

सर्वोत्कृष्टं स्वमात्मानं पश्यन् योगी तु मोदते।।६६।।

66. ਸ਼ਿਵਯੋਗੀ ਆਪਣੇ ਆਪ ਨੂੰ ਸਰਵਉੱਚ, ਵਰਣ ਆਸ਼ਰਮ ਦੇ ਰਾਹ ਤੇ ਚੱਲਣ ਵਾਲਾ ਸਮਝਦੇ ਹੋਏ ਆਨੰਦਿਤ ਹੋ ਕੇ ਰਹਿੰਦਾ ਹੈ।

विश्वातीतं परब्रह्म शिवाख्यं चित्स्वरूपकम्।

तदेवाहमिति ज्ञानी सर्वोत्कृष्टः स उच्यते।।६७।।

67. ਗਿਆਨ ਪ੍ਰਾਪਤ ਵਿਅਕਤੀ ਜੋ ਸਰਵਉੱਚ ਬ੍ਰਹਮਾਂ ਭਾਵ ਸ਼ਿਵਾ(ਸ੍ਰਿਸ਼ਟੀ ਦਾ ਪਾਰ ਪਾਉਣ ਵਾਲੇ) ਨੂੰ ਮਹਿਸੂਸ ਕਰਦਾ ਹੈ ਜੋ ਆਪਣੇ ਆਪ ਵਿੱਚ ਗਿਆਨ ਦੇ ਪ੍ਰਤੀਕ ਹਨ ਅਤੇ ਸਭ ਤੋਂ ਉੱਤਮ ਹਨ।

अचलं ध्रुवमात्मानमनुपश्यन् निरन्तरम्।

निरस्तविश्वविभ्रान्तिर्जीवन्मुक्तो भवेन्मुनिः।।६८।।

68. ਆਪਣੇ ਆਪ ਨੂੰ ਨਿਰੰਤਰ ਅਚਲ ਧਰੁਵ ਸਮਝਣ ਵਾਲਾ ਅਤੇ ਜਿਸਦੇ ਸਾਰੇ ਭਰਮ(ਸ਼ੰਕੇ) ਦੂਰ ਹੋ ਗਏ ਹੋਣ ਅਜਿਹੇ ਮੁਨੀਵਰ(ਰਿਸ਼ੀ) ਨੂੰ ਜੀਵਨਮੁਕਤ ਕਹਿੰਦੇ ਹਨ।

ब्रह्माद्याः किं नु कुर्वन्ति देवताः कर्ममार्गगाः?।

कर्मातीतपदस्यास्य स्वयं ब्रह्मस्वरूपिणः।।६९।।

69. ਦੇਵਤੇ ਬ੍ਰਹਮਾਂ ਆਦਿ ਜੋ 'ਕਰਮਾਂ' ਦੇ ਰਸਤੇ ਤੇ ਚਲਦੇ ਹਨ ਉਸਦਾ ਕੀ ਵਿਗਾੜ ਸਕਦੇ ਹਨ ਜੋ ਕਰਮਾਂ ਦੀ ਸਥਿਤੀ ਤੋਂ ਪਰ੍ਹੇ ਹੈ ਅਤੇ ਜੋ ਖੁਦ ਹੀ ਬ੍ਰਹਮਾਂ ਦਾ ਰੂਪ ਹੈ।

स्वेच्छया सञ्चरेद् योगी विमुञ्चद् देहमानिताम्।

दर्शनैः स्पर्शनैः सर्वानज्ञानपि विमोचयेत्।।७०।।

70. ਅਜਿਹਾ ਯੋਗੀ ਆਪਣੇ ਸ਼ਰੀਰ ਦੇ ਮਾਣ ਨੂੰ ਤਿਆਗਦਾ ਹੋਇਆ ਸੁਤੰਤਰ ਹੋ ਕੇ ਘੁੰਮਦਾ ਹੈ। ਆਪਣੀ ਝਲਕ ਅਤੇ ਛੂਹਣ ਨਾਲ ਹੀ ਇਸ ਸੰਸਾਰ ਦੇ ਅਗਿਆਨੀਆਂ ਆਦਿ ਨੂੰ ਮੁਕਤ ਕਰ ਦਿੰਦਾ ਹੈ।

नित्ये निर्मलभावने निरुपमे निर्धूतविश्वभ्रमे
सत्तानन्दचिदात्मके परशिवे साम्यं गतः संयमी।
प्रध्वस्ताश्रमवर्णधर्मनिगलः स्वच्छन्दसञ्चारवान्।
देहीवादभुतवैभवो विजयते जीवन्विमुक्तः सुधीः।।७१।।

71. ਨਿੱਤ ਨਿਰਮਲ, ਭਾਵਰੂਪ,ਅਨੁਪਮ, ਸਾਰੇ ਭਰਮਾਂ ਦਾ ਨਾਸ਼ਕ, ਸਤ ਚਿਤ ਆਨੰਦ ਸਵਰੂਪ ਪਰੰਤੂ ਸ਼ਿਵ ਦੇ ਨਾਲ ਸਬੰਧ ਸਥਾਪਿਤ ਕਰਨ ਵਾਲਾ ਸੰਜਮੀ, ਆਸ਼ਰਮ, ਵਰਣ, ਧਰਮ ਦੇ ਬੰਧਨਾਂ ਨੂੰ ਤੋੜਨ ਵਾਲਾ, ਸਵੈਇੱਛਾ ਵਾਲਾ ਭਾਵ ਆਪਣੀ ਇੱਛਾ ਅਨੁਸਾਰ ਵਿਚਰਨ ਵਾਲਾ ਅਦਭੁਤ ਵਿਦਵਾਨ ਜੀਵਨ ਮੁਕਤ ਹੋ ਕੇ ਵੀ ਇੱਕ ਸਾਧਾਰਣ ਇਨਸਾਨ ਦੀ ਤਰ੍ਹਾਂ ਵਿਚਰਦਾ ਹੈ।

ਸੋਲਵਾਂ ਅਧਿਆਇ

स्थलानां नवकं प्रोक्तं भक्तस्थलसमाश्रयम्।

माहेश्वरस्थले सिद्धं स्थलभेदं वदस्व मे।।१।।

1. ਅਗਸਤਿਆ ਨੇਂ ਕਿਹਾ – (ਹੇ ਰੇਣੁਕਾਚਾਰਿਆ) ਤੁਸੀਂ ਭਗਤਸਥਲ ਦੇ ਅੰਤਰਗਤ ਨੌਂ ਸਥਲਾਂ ਦਾ ਵਰਣਨ ਕੀਤਾ। ਹੁਣ ਕਿਰਪਾ ਕਰਕੇ ਮਹੇਸ਼ਵਰ ਸਥਲ ਵਿੱਚ ਸਿੱਧ ਸਥਲਭੇਦ ਦਾ ਮੈਨੂੰ ਵਰਣਨ ਕਰੋ।

माहेश्वरस्थले सन्ति स्थलानि नव तापस!।

क्रियागमस्थलं पूर्वं ततो भावागमस्थलम्।।२।।

2. ਰੇਣੂਕਾ ਨੇ ਕਿਹਾ – "ਮਹੇਸ਼ਵਰਸਥਲ ਵਿੱਚ ਨੌਂ ਲਿੰਗਸਥਲ ਹਨ, ਇਹ ਹਨ, ੧)ਕਿਰਿਆਗਮਸਥਲ ੨) ਭਾਵਾਗਮਸਥਲ ੩) ਗਿਆਨਗਮਸਥਲ ੪) ਸਕਾਇਆਸਥਲ

ज्ञानागमस्थलं चाथ सकायस्थलमीरितम्।

ततोऽकायस्थलं प्रोक्तं परकायस्थलं ततः।।३।।

3. ੫) ਅਕਾਇਆਸਥਲ ੬) ਪਰਕਾਇਆਸਥਲ ੭) ਧਰਮਾਚਾਰਸਥਲ ੮) ਭਾਵਾਤਮਕਸਥਲ ੯) ਗਿਆਨਾਚਾਰਸਥਲ।

धर्माचारस्थलं चाथ भावाचारस्थलं ततः।

ज्ञानाचारस्थलं चेति क्रमादेषां भिदोच्यते।।४।।

4. ਹੁਣ ਇਹਨਾਂ ਦਾ ਕਰਮਵਾਰ ਵਰਣਨ ਇਸ ਪ੍ਰਕਾਰ ਹੈ।

शिवो हि परमः साक्षात् पूजा तस्य क्रियोच्यते।

तत्परा आगमा यस्मात् तदुक्तोऽयं क्रियागमः।।५।।

5. ਸ਼ਿਵ ਹੀ ਅਸਲ ਵਿੱਚ ਪਰਸਥਲ ਸ਼ਿਵਯੋਗੀ ਹਨ, ਉਸਦੀ ਪੂਜਾ ਇੱਕ ਤਰ੍ਹਾਂ ਦੀ ਕਿਰਿਆ ਹੈ। ਉਸ ਕਿਰਿਆ ਬਾਰੇ ਦੱਸਣ ਵਾਲੇ ਆਗਮ ਨੂੰ ਕਿਰਿਆਗਮ ਕਿਹਾ ਜਾਂਦਾ ਹੈ।

प्रकाशते यथा नाग्निररण्यां मन्थनं विना।

क्रियां विना तथान्तःस्थो न प्रकाशो भवेच्छिवः।।६।।

6. ਜਿਸ ਤਰ੍ਹਾਂ ਅਰਣੀ(ਪਵਿੱਤਰ ਬਾਲਣ) ਵਿੱਚ ਅੱਗ ਬਿਨਾਂ ਰਗੜਨ ਦੇ ਪੈਦਾ ਨਹੀਂ ਹੁੰਦੀ ਉਸੇ ਤਰ੍ਹਾਂ ਹੀ ਕਿਰਿਆ ਭਾਵ ਪੂਜਾ ਤੋਂ ਬਿਨਾਂ ਅੰਦਰ ਸਥਿਤ ਸ਼ਿਵ ਪ੍ਰਗਟ ਨਹੀਂ ਹੁੰਦੇ।

न यथा विधिलोपः स्याद्यथा देवः प्रसीदति।

यथागमः प्रमाणं स्यात् तथा कर्म समाचरेत्।।७।।

7. ਸਾਨੂੰ ਉਸ ਤਰ੍ਹਾਂ ਦਾ ਕਰਮ ਕਰਨਾ ਚਾਹੀਂਦਾ ਹੈ ਜਿਸ ਵਿਧੀ ਨਾਲ ਦੇਵ ਅਰਥਾਤ ਸ਼ਿਵ ਪ੍ਰਸੰਨ ਹੋਣ ਅਤੇ ਜਿਸ ਵਿੱਚ ਆਗਮ ਦਾ ਪ੍ਰਮਾਣ ਹੋਵੇ।

विधिः शिव नियोगोऽयं तस्माद् विहितकर्मणि।

शिवाराधनबुद्ध्यैव निरतः स्यात् विचक्षणः।।८।।

8. ਇਸ ਤਰ੍ਹਾਂ ਦੱਸਿਆ ਹੋਇਆ ਪੂਜਾ ਦਾ ਤਰੀਕਾ ਸ਼ਿਵ ਦਾ ਹੁਕਮ ਹੈ। ਇਸ ਲਈ ਜਿਸ ਇਨਸਾਨ ਨੂੰ ਆਤਮਿਕ ਗਿਆਨ(ਬੋਧ) ਹੋਵੇ ਉਸ ਨੂੰ ਇਸ ਤਰ੍ਹਾਂ ਦੀ ਕਿਰਿਆ ਵਿੱਚ ਰੁੱਝਿਆ ਹੋਣ ਚਾਹੀਂਦਾ ਹੈ ਅਤੇ ਸ਼ਿਵ ਪ੍ਰਤੀ ਸੇਵਾ ਦੀ ਪੱਕੀ ਭਾਵਨਾਂ ਹੋਣੀ ਚਾਹੀਂਦੀ ਹੈ।

गुरोरादेशमासाद्य पूजयेत्परमेश्वरम्।

पूजिते परमेशाने पूजिताः सर्वदेवताः।।९।।

9. ਸਾਨੂੰ ਸ਼ਿਵ(ਪਰਮੇਸ਼ਵਰ) ਦੀ ਪੂਜਾ ਗੁਰੁ ਦੇ ਮਾਰਗ ਦਰਸ਼ਂ ਦੁਆਰਾ ਕਰਨੀਂ ਚਾਹੀਂਦੀ ਹੈ। ਜਦੋਂ ਸਰਵਉਚ ਸ਼ਿਵ ਦੀ ਪੂਜਾ ਹੁੰਦੀ ਹੈ ਤਾਂ ਬਾਕੀ ਸਾਰੇ ਦੇਵਤਿਆਂ ਦੀ ਪੂਜਾ ਆਪਣੇ ਆਪ ਹੋ ਜਾਂਦੀ ਹੈ।

सदा शिवार्चनोपाय - सामग्रीव्यग्रमानसः।

शिवयोगरतो योगी मुच्यते नात्र संशयः।।१०।।

10. ਸ਼ਿਵ ਦੀ ਪੂਜਾ ਸਮੱਗਰੀ ਨੂੰ ਜੁਟਾਉਣ ਵਿੱਚ ਦਿਲਚਸਪੀ ਰੱਖਣ ਵਾਲਾ ਅਤੇ ਸ਼ਿਵਯੋਗ ਵਿੱਚ ਨਿਰੰਤਰ ਲੱਗਿਆ ਹੋਇਆ ਯੋਗੀ ਮੁਕਤ ਹੋ ਜਾਂਦਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ।

अन्धपङ्गुवदन्योन्यसापेक्षे ज्ञानकर्मणी।

फलोत्पत्तौ विरक्तस्य तस्मात् तद्द्वयमाचरेत्।।११।।

11. ਗਿਆਨ ਅਤੇ ਕਰਮ ਇੱਕ ਦੂਜੇ ਤੇ ਨਿਰਭਰ ਕਰਦੇ ਹਨ। ਇਸ ਲਈ ਇੱਕ ਯੋਗੀ ਨੂੰ ਗਿਆਨ ਅਤੇ ਕਰਮ ਦੇ ਇਸ ਵਿਚਾਰ ਨੂੰ ਅਪਣਾਉਣਾਂ ਚਾਹੀਂਦਾ ਹੈ ਤਾਂ ਜੋ ਮੁਕਤੀ ਦੇ ਫਲ ਦੀ ਪੂਰਤੀ ਕੀਤੀ ਜਾ ਸਕੇ।

ज्ञाने सिद्धेऽपि विदुषां कर्मापि विनियुज्यते।

फलाभिसन्धिरहितं तस्मात्कर्म न सन्त्यजेत्।।१२।।

12. ਵਿਦਵਾਨਾਂ ਅਰਥਾਤ ਗਿਆਨੀ ਲੋਕਾਂ ਦੁਆਰਾ ਗਿਆਨ ਪ੍ਰਾਪਤ ਹੋਣ ਤੇ ਵੀ ਕਰਮ ਕਰਨਾਂ ਹੁੰਦਾ ਹੈ। ਇਸ ਲਈ ਭਾਵੇਂ ਅਸੀਂ ਫਲ ਦੀ ਇੱਛਾ ਤੋਂ ਰਹਿਤ ਵੀ ਕਿਉਂ ਨਾਂ ਹੋਈਏ ਤਾਂ ਵੀ ਸਾਨੂੰ ਕਰਮ ਦਾ ਤਿਆਗ ਨਹੀਂ ਕਰਨਾਂ ਚਾਹੀਂਦਾ।

आचार एव सर्वेषामलङ्काराय कल्प्यते।

आचारहीनः पुरुषो लोके भवति निन्दितः।।१३।।

13. ਸਹੀ ਆਚਾਰ ਅਤੇ ਵਿਵਹਾਰ ਹੀ ਮਨੁੱਖ ਦੀ ਅਸਲੀ ਸਜਾਵਟ ਹੁੰਦੀ ਹੈ। ਆਚਾਰਹੀਣ ਮਨੁੱਖ ਦੁਨੀਆਂ ਵਿੱਚ ਨਿੰਦਾ ਦਾ ਪਾਤਰ ਹੁੰਦਾ ਹੈ।

ज्ञानेनाचारयुक्तेन प्रसीदति महेश्वरः।

तस्मादाचारवान् ज्ञानी भवेदादेहपातनम्।।१४।।

14. ਸਦਾਚਾਰ ਯੁਕਤ ਗਿਆਨ ਅਤੇ ਆਤਮਿਕ ਗਿਆਨ ਨਾਲ ਮਹੇਸ਼ਵਰ ਖੁਸ਼ ਹੁੰਦੇ ਹਨ। ਇਸ ਲਈ ਇੱਕ ਪ੍ਰਕਾਸ਼ਵਾਨ ਇਨਸਾਨ ਨੂੰ ਆਪਣੀ ਮੌਤ ਤੱਕ ਧਾਰਮਿਕ ਕਿਰਿਆਵਾਂ ਵਿੱਚ ਰੁੱਝਿਆ ਰਹਿਣਾ ਚਾਹੀਂਦਾ ਹੈ।

भावचिह्नानि विदुषो यानि सन्ति विरागिणः।

तानि भावागमत्वेन वर्तन्ते सर्वदेहिनाम्।।१५।।

15. ਵੈਰਾਗਯੁਕਤ ਵਿਦਵਾਨ ਦੇ ਜੋ ਭਾਵਚਿੰਨ ਹੁੰਦੇ ਹਨ, ਉਹ ਹੀ ਸਾਰੇ ਆਮ ਇਨਸਾਨਾਂ ਦੇ ਭਾਵਗਮ ਅਰਥਾਤ ਭਾਵਰੂਪੀ ਆਗਮਸ਼ਾਸ਼ਤਰ ਦੇ ਰੂਪ ਵਿੱਚ ਪ੍ਰਮਾਣਿਤ ਹੋ ਜਾਂਦੇ ਹਨ।

शिवोऽहमिति भावोऽपि शिवतापत्तिकारणम्।

न ज्ञानमात्रं नाचारो भावयुक्तः शिवो भवेत्।।१६।।

16. ਇਹ ਵਿਚਾਰ ਕਿ 'ਮੈਂ ਸ਼ਿਵ ਹਾਂ' ਸ਼ਿਵ ਦੀ ਸਥਿਤੀ(ਉਪਾਧੀ) ਨੂੰ ਪ੍ਰਾਪਤ ਕਰਨ ਦਾ ਸਾਧਨ ਹੈ। ਨਾਂ ਕੇਵਲ ਗਿਆਨ ਯੁਕਤ ਨਾਂ ਕੇਵਲ ਆਚਾਰ ਯੁਕਤ ਬਲਕਿ ਭਾਵਯੁਕਤ ਭਗਤ ਸਾਕਸ਼ਾਤ ਸ਼ਿਵ ਹੋ ਜਾਂਦਾ ਹੈ।

ज्ञानं वस्तु परिच्छेदो ध्यानं तद्भावकारणम्।

तस्माज्ज्ञाते महादेवे ध्यानयुक्तो भवेत्सुधीः।।१७।।

17. ਗਿਆਨ ਵਸਤੂ ਦੀ ਤਸਦੀਕ ਹੁੰਦਾ ਹੈ ਅਰਥਾਤ ਉਸਦੇ ਵਾਸਤਵਿਕ ਸਵਰੂਪ ਦਾ ਨਿਰਣਾਇਕ ਹੁੰਦਾ ਹੈ। ਧਿਆਨ ਉਸ ਭਾਵ ਦਾ ਕਾਰਣ ਹੁੰਦਾ ਹੈ। ਇਸ ਲਈ ਮਹਾਂਦੇਵ ਦਾ ਗਿਆਨ ਹੋਣ ਨਾਲ ਵਿਦਵਾਨ ਨੂੰ ਸ਼ਿਵਧਿਆਨ ਯੁਕਤ ਹੋਣਾਂ ਚਾਹੀਦਾ ਹੈ।

अन्तर्बहिश्च सर्वत्र परिपूर्णं महेश्वरम्।

भावयेत्परमान्दलब्धये पण्डितोत्तमः।।१८।।

18. ਜੋ ਸ਼ਿਵਯੋਗੀਆਂ ਵਿੱਚ ਉੱਤਮ ਹੁੰਦਾ ਹੈ ਉਸ ਨੂੰ ਪਰਮਾਨੰਦ ਪ੍ਰਾਪਤ ਕਰਨ ਦੇ ਲਈ ਸ਼ਰੀਰ ਦੇ ਅੰਦਰ ਅਤੇ ਬਾਹਰ ਸਰਵਗੁਣ ਸੰਪੰਨ ਮਹੇਸ਼ਵਰ ਦਾ ਧਿਆਨ ਅਤੇ ਉਸ ਦੀ ਭਾਵਨਾਂ ਕਰਨੀਂ ਚਾਹੀਂਦੀ ਹੈ।

अर्थहीना यथावाणी पतिहीना यथा सती।

श्रुतिहीना यथा बुद्धिर्भावहीना तथा क्रिया।।१९।।

19. ਆਤਮਿਕ ਧਾਰਨਾਂ ਤੋਂ ਵਿਹੂਣੀ ਕਿਰਿਆ ਬਿਲਕੁਲ ਉਸੇ ਤਰ੍ਹਾਂ ਹੁੰਦੀ ਹੈ ਜਿਵੇਂ ਬਿਨਾਂ ਅਰਥਾਂ ਤੋਂ ਆਵਾਜ਼, ਆਪਣੇ ਪਤੀ ਤੋਂ ਬਿਨਾਂ ਸਤੀ ਇਸਤਰੀ ਅਤੇ ਵੇਦਗਿਆਨ ਤੋਂ ਰਹਿਤ ਬੁੱਧੀ।

चक्षुर्हीनो यथा रूपं न किञ्चिदीक्षितुं क्षमः।

भावहीनस्तथा योगी न शिवं द्रष्टुमीश्वरः।।२०।।

20. ਜਿਸ ਤਰ੍ਹਾਂ ਕਿ ਬਿਨਾਂ ਅੱਖਾਂ ਤੋਂ ਕੋਈ ਕੁੱਝ ਨਹੀਂ ਵੇਖ ਸਕਦਾ ਉਸੇ ਤਰਾਂ ਇੱਕ ਸ਼ਿਵਯੋਗੀ ਬਿਨਾਂ ਆਤਮਿਕ ਧਾਰਨਾਂ ਦੇ ਸ਼ਿਵ ਨੂੰ ਵੇਖਣ ਵਿੱਚ ਮਾਹਿਰ ਨਹੀਂ ਹੋ ਸਕਦਾ।

भावशुद्धेन मनसा पूजयेत् परमेष्ठिनम्।

भावहीनां न गृह्णाति पूजां सुमहतीमपि।।२१।।

21. ਇੱਕ ਸ਼ਿਵਯੋਗੀ ਨੂੰ ਸ਼ੁੱਧ ਵਿਚਾਰਾਂ ਵਾਲੇ ਮਨ ਨਾਲ ਪਰਮੇਸ਼ਵਰ ਦੀ ਪੂਜਾ ਕਰਨੀਂ ਚਾਹੀਂਦੀ ਹੈ। ਕੋਈ ਪੂਜਾ ਕਿੰਨੀ ਵੀ ਮਹਾਨ ਕਿਉਂ ਨਾਂ ਹੋਵੇ ਆਤਮਿਕ ਧਾਰਨਾਂ ਤੋਂ ਬਿਨਾਂ ਰੱਬ(ਸ਼ਿਵ) ਨੂੰ ਮਨਜ਼ੂਰ ਨਹੀਂ ਹੁੰਦੀ।

नैरन्तर्येण सम्पन्ने भावे ध्यातुं शिवं प्रति।

तद्भावो जायते तद्वत् क्रिमेः कीटस्य चिन्तनात्।।२२।।

22. ਜਿਸ ਤਰਾਂ ਇੱਕ ਕੀੜਾ ਇੱਕ ਪਤੰਗੇ ਦੀਆਂ ਲਗਾਤਰ ਸੋਚਾਂ ਨਾਲ ਪਤੰਗਾ ਬਣ ਜਾਂਦਾ ਹੈ, ਉਸੇ ਤਰਾਂ ਇੱਕ ਸ਼ਿਵਯੋਗੀ ਸ਼ਿਵ ਦੇ ਲਗਾਤਰ ਧਿਆਨ ਨਾਲ ਸ਼ਿਵ ਦੀ ਉਪਾਧੀ ਪ੍ਰਾਪਤ ਕਰ ਲੈਂਦਾ ਹੈ।

निष्कलङ्कं निराकारं परब्रह्म शिवाभिधम्।

निर्ध्यातुमसमर्थोऽपि तद्विभूतिं विभावयेत्।।२३।।

23. ਜੇਕਰ ਕੋਈ ਭਗਤ ਸ਼ਿਵ ਦੇ ਨਾਮ ਪਾਰਬ੍ਰਹਮ ਦਾ ਲਗਾਤਾਰ ਧਿਆਨ ਧਰਨ ਦੇ ਲਈ ਸਮਰਥ ਨਾਂ ਹੋਵੇ ਤਾਂ ਵੀ ਉਸਨੂੰ ਦੋਸ਼ ਅਤੇ ਆਕਾਰ ਰਹਿਤ ਸ਼ਿਵ ਦਾ ਧਿਆਨ ਧਰਨਾਂ ਚਾਹੀਂਦਾ ਹੈ।

परस्य ज्ञानचिह्नानि यानि सन्ति शरीरिणाम्।

तानि ज्ञानागमत्वेन प्रवर्तन्ते विमुक्तये।।२४।।

24. ਪਰ ਅਰਥਾਤ ਭਾਵਾਗਮ ਯੋਗੀ ਦੇ ਜੋ ਗਿਆਨ ਲੱਛਣ ਹੁੰਦੇ ਹਨ, ਆਮ ਦੇਹਧਾਰੀਆਂ ਲਈ ਮੋਕਸ਼ਾਰਥ ਵਿਆਨਆਗਮ ਦੇ ਰੂਪ ਵਿੱਚ ਵਿਦਿਆਮਾਨ ਹੁੰਦੇ ਹਨ।

भावेन किं फलं पुंसां कर्मणा वा किमिष्यते?।

भावकर्मसमायुक्तं ज्ञानमेव विमुक्तिदम्।।२५।।

25. ਕੇਵਲ ਭਾਵ ਰੱਖਣ ਨਾਲ ਮਨੁੱਖਾਂ ਨੂੰ ਕੋਈ ਫਲ ਨਹੀਂ ਮਿਲਦਾ। ਕੇਵਲ ਧਰਮ ਨਾਲ ਵੀ ਕੋਈ ਲਾਭ ਨਹੀਂ ਹੁੰਦਾ। ਭਾਵ ਅਤੇ ਕਰਮ ਦੋਵਾਂ ਨਾਲ ਯੁਕਤ ਇਨਸਾਨ ਹੀ ਮੋਕਸ਼ਦਾਇਕ ਹੁੰਦਾ ਹੈ।

केवलं कर्ममात्रेण जन्मकोटिशतैरपि।

नात्मनां जायते मुक्तिर्ज्ञानं मुक्तेर्हि कारणम्।।२६।।

26. ਕੇਵਲ ਕਰਮ ਕਰਨ ਨਾਲ ਕਰੋੜਾਂ ਜਨਮਾਂ ਵਿੱਚ ਵੀ ਆਤਮਾਵਾਂ ਦੀ ਮੁਕਤੀ ਨਹੀਂ ਹੁੰਦੀ। ਗਿਆਨ ਹੀ ਮੁਕਤੀ ਦਾ ਇੱਕੋ ਇੱਕ ਕਾਰਣ ਹੈ।

ज्ञानहीनं सदाकर्म पुंसां संसारकारणम्।

तदेव ज्ञानयोगेन संसारविनिवर्तकम्।।२७।।

27. ਪੁਰਸ਼ਾਂ ਵਿੱਚ ਗਿਆਨਹੀਣ ਕਰਮ ਹਮੇਸ਼ਾਂ ਸੰਸਾਰ ਅਰਥਾਤ ਪੁਨਰਜਨਮ ਦਾ ਕਾਰਣ ਬਣਦੇ ਹਨ। ਇਹਨਾਂ ਕਰਮਾਂ ਨੂੰ ਗਿਆਨ ਯੁਕਤ ਕਰ ਲੈਣਾਂ ਹੀ ਪੁਨਰਜਨਮ ਤੋਂ ਛੁਟਕਾਰਾ ਦਿਵਾਉਂਦਾ ਹੈ।

फलं क्रियावतां पुंसां स्वर्गाद्यं नश्वरं यतः।

तस्मात् स्थायिफलप्राप्त्यै ज्ञानमेव समभ्यसेत्।।२८।।

28. ਕਿਉਂਕਿ ਕਿਰਿਆਵਾਨ ਪੁਰਸ਼ਾਂ ਦਾ ਅਰਥਾਤ ਜੀਵਾਂ ਦਾ ਕਿਰਿਆ ਦੁਆਰਾ ਪ੍ਰਾਪਤ ਸਵਰਗ ਰੂਪੀ ਫਲ ਅਸਥਾਈ ਹੁੰਦਾ ਹੈ, ਇਸ ਲਈ ਸਥਾਈ ਫਲ ਦੀ ਪ੍ਰਾਪਤੀ ਲਈ ਗਿਆਨ ਦਾ ਅਭਿਆਸ ਕਰਨਾ ਚਾਹੀਂਦਾ ਹੈ।

शास्त्राभ्यासादियत्नेन सद्गुरोरुपदेशतः।

ज्ञानमेव समभ्यस्येत् किमन्येन प्रयोजनम्?।।२९।।

29. ਕੇਵਲ ਸ਼ਾਸ਼ਤਰਾਂ ਦੇ ਅਭਿਆਸ ਆਦਿ ਦੁਆਰਾ ਅਤੇ ਗੁਰੁ ਦੀਆਂ ਸਿੱਖਿਆਵਾਂ ਦੁਆਰਾ ਗਿਆਨ ਦੀ ਪ੍ਰਾਪਤੀ ਕਰਨੀਂ ਚਾਹੀਂਦੀ ਹੈ। ਕਿਸੇ ਹੋਰ ਪ੍ਰਯੋਜਨ ਦਾ ਕੀ ਲਾਭ?

ज्ञानं परशिवाद्वैतपरिपाकविनिश्चयः।

येन संसारसम्बन्धविनिवृत्तिर्भवेत् सताम्।।३०।।

30. ਗਿਆਨ ਦਾ ਅਰਥ ਹੈ 'ਸ਼ਿਵ ਦੇ ਅਦਵੈਤ ਭਾਵ ਦੇ ਸੰਦਰਭ ਵਿੱਚ ਨਿਸਚਿਤ ਅਵਧਾਰਨਾਂ' । ਇਸ ਦੁਆਰਾ ਹੀ ਮਹਾਤਮਾਵਾਂ ਨੂੰ ਸੰਸਾਰ ਵਿੱਚ ਨਵਿਰਤੀ ਪ੍ਰਾਪਤ ਹੁੰਦੀ ਹੈ।

शिवात्मकमिदं सर्वं शिवादन्यन्न विद्यते।

शिवोऽहमिति या बुद्धिस्तदेव ज्ञानमुत्तमम्।।३१।।

31. ਇਹ ਸਭ ਕੁੱਝ ਸ਼ਿਵ ਤੋਂ ਬਣਿਆ ਹੈ। ਸ਼ਿਵ ਤੋਂ ਬਿਨਾਂ ਕੁੱਝ ਵੀ ਨਹੀਂ। ਮੈਂ ਸ਼ਿਵ ਹਾਂ, ਇਸ ਤਰ੍ਹਾਂ ਦੀ ਜੋ ਬੁੱਧੀ ਹੈ ਉਹੀ ਉੱਤਮ ਗਿਆਨ ਹੈ।

अन्धो यथा पुरः स्थानि वस्तूनि च न पश्यति।

ज्ञानहीनस्तथा देही नात्मस्थं वीक्षते शिवम्।।३२।।

32. ਜਿਸ ਤਰਾਂ ਕਿ ਇੱਕ ਅੱਖਾਂ ਤੋਂ ਵਿਹੂਣਾਂ ਵਿਅਕਤੀ ਸਾਹਮਣੇ ਕਿਸੇ ਚੀਜ਼ ਨੂੰ ਨਹੀਂ ਵੇਖ ਸਕਦਾ ਉਸੇ ਤਰ੍ਹਾਂ ਗਿਆਨ ਤੋਂ ਵਿਹੂਣੀ ਆਤਮਾਂ ਉਸ ਵਿੱਚ ਵਸੇ ਸ਼ਿਵ ਨੂੰ ਨਹੀਂ ਵੇਖ ਸਕਦੀ।

शिवस्य दर्शनात् पुंसां जन्मरोगनिवर्तनम्।

शिवदर्शनमप्याहुः सुलभं ज्ञानचक्षुषाम्।।३३।।

33. ਮਨੁੱਖੀ ਜੀਵਾਂ ਦੇ ਸੰਦਰਭ ਵਿੱਚ ਸ਼ਿਵ ਦਾ ਧਿਆਨ ਆਵਾਗਮਨ ਦੀ ਬਿਮਾਰੀ ਨੂੰ ਦੂਰ ਕਰਨ ਦਾ ਸਾਧਨ ਹੈ। ਜਿਸ ਇਨਸਾਨ ਕੋਲ ਗਿਆਨ ਰੂਪੀ ਅੱਖ ਹੁੰਦੀ ਹੈ ਉਸ ਲਈ ਸ਼ਿਵ ਨੂੰ ਸਾਕਸ਼ਾਤ ਵੇਖਣਾ ਆਸਾਨ ਹੁੰਦਾ ਹੈ।

दीपं विना यथा गेहे नान्धकारो निवर्तते।

ज्ञानं विना तथा चित्ते मोहोऽपि न निवर्तते।।३४।।

34. ਜਿਸ ਤਰ੍ਹਾਂ ਕਿ ਕਿਸੇ ਘਰ ਦਾ ਹਨ੍ਹੇਰਾ ਦੀਵੇ ਬਿਨਾਂ ਦੂਰ ਨਹੀਂ ਹੋ ਸਕਦਾ, ਬਿਲਕੁਲ ਓਸੇ ਤਰ੍ਹਾਂ ਗਿਆਨ ਰੂਪੀ ਦੀਵੇ ਤੋਂ ਬਿਨਾਂ ਮਨ ਦੇ ਭਰਮਾਂ ਰੂਪੀ ਹਨ੍ਹੇਰੇ ਨੂੰ ਦੂਰ ਨਹੀਂ ਕੀਤਾ ਜਾ ਸਕਦਾ।

परस्य या तनुर्ज्ञेयाऽदेहकर्माभिमानिनः।

तथा सकायो लोकोऽयं तदात्मत्वनिरूपणात्।।३५।।

35. ਇਹ ਸ਼ਰੀਰ ਜੋ ਕਿ ਪਰਾਸ਼ਿਵਯੋਗਿਨ ਨਾਲ ਸਬੰਧਤ ਹੈ, ਜੋ ਕਿ ਸ਼ਰੀਰ ਦੀਆਂ ਕਿਰਿਆਵਾਂ ਦੇ ਨਾਲ ਜੁੜਿਆ ਹੋਇਆ ਨਹੀਂ ਹੈ, ਉਸ ਲਈ ਇਹ ਸੰਸਾਰ 'ਸਾਕਸ਼ਿਆ' ਹੈ ਕਿਉਂਕਿ ਇਸ ਵਿੱਚ ਆਤਮਾਂ ਦਾ ਵਾਸ ਹੈ।

कायं विना समस्तानां न क्रिया न च भावना।

न ज्ञानं यत्ततो योगी कायवानेन सञ्चरेत्।।३६।।

36. ਸਭਨਾਂ ਦੇ ਸੰਦਰਭ ਵਿੱਚ ਇਹ ਗੱਲ ਸੱਚ ਹੈ ਕਿ ਸ਼ਰੀਰ ਤੋਂ ਬਿਨਾਂ ਕੋਈ ਕਿਰਿਆ ਨਹੀਂ, ਕੋਈ ਭਾਵਨਾਂ ਜਾਂ ਵਿਸ਼ਵਾਸ਼ ਨਹੀਂ ਅਤੇ ਕੋਈ ਗਿਆਨ ਨਹੀਂ। ਇਸ ਲਈ ਇੱਕ ਯੋਗੀ ਨੂੰ ਚਾਹੀਂਦਾ ਹੈ ਕਿ ਉਹ ਕਾਇਆਵਾਨ ਹੋ ਕੇ ਇਸ ਸੰਸਾਰ ਵਿਚ ਵਿਚਰਣ ਕਰੇ।

शिवैकज्ञानयुक्तस्य योगिनोऽपि महात्मनः।

काययोगेन सिद्ध्यन्ति भोगमोक्षादयः सदा।।३७।।

37. ਸ਼ਿਵਯੋਗੀ, ਜੋ ਕਿ ਸਿਰਫ ਸ਼ਿਵ ਦਾ ਗਿਆਨੀ ਹੈ ਅਤੇ ਜੋ ਮਹਾਨ ਪ੍ਰਾਪਤੀਆਂ ਵਾਲਾ ਹੈ, ਦੇ ਸੰਦਰਭ ਵਿੱਚ, ਇਹ ਸਿਰਫ ਸ਼ਰੀਰ ਕਰਕੇ ਹੀ ਹੈ ਕਿ ਸੰਸਾਰ ਦਾ ਆਨੰਦ, ਮੁਕਤੀ ਆਦਿ ਸੰਭਵ ਹੈ।

काष्ठं विना यथा वह्निर्जायते न प्रकाशवान्।

मूर्तिं विना तथा योगी नात्मतत्त्वप्रकाशवान्।।३८।।

38. ਜਿਸ ਤਰ੍ਹਾਂ ਕਿ ਬਾਲਣ ਤੋਂ ਬਿਨਾਂ ਅੱਗ ਆਪਣੀ ਚਮਕ ਪ੍ਰਾਪਤ ਨਹੀਂ ਕਰ ਸਕਦੀ ਉਸੇ ਤਰ੍ਹਾਂ ਇੱਕ ਯੋਗੀ ਆਪਣੀ ਆਤਮਾਂ ਦੇ ਸਿਧਾਂਨ(ਭਾਵ ਸ਼ਿਵਾ) ਦੀ ਪ੍ਰਾਪਤੀ ਸ਼ਰੀਰ ਤੋਂ ਬਿਨਾਂ ਨਹੀਂ ਕਰ ਸਕਦਾ।

मूर्त्यात्मनैव देवस्य यथा पूज्यत्वकल्पना।

तथा देहात्मनैवास्य पूज्यत्वं परयोगिनः।।३९।।

39. ਜਿਸ ਤਰ੍ਹਾਂ ਕਿ ਰੱਬ ਆਪਣੇ ਰੁਤਬੇ ਕਰਕੇ ਪੂਜਣਯੋਗ ਹੈ ਉਸੇ ਤਰ੍ਹਾਂ ਪਰਾਯੋਗੀ ਵੀ ਆਪਣੇ ਸ਼ਰੀਰ ਕਰਕੇ ਪੂਜਾ ਦਾ ਰੁਤਬਾ ਪ੍ਰਾਪਤ ਕਰਦਾ ਹੈ।

निष्कलो हि महादेवः परिपूर्णः सदाशिवः।

जगत्सृष्ट्यादिसंसिद्ध्यै मूर्तिमानेव भासते।।४०।।

40. ਮਹਾਨ ਪ੍ਰਭੂ ਸਦਾਸ਼ਿਵ ਜੋ ਕਿ ਅਖੰਡ ਅਤੇ ਆਪਣੇ ਆਪ ਵਿੱਚ ਸੰਪੂਰਨ ਹੈ, ਸ਼ਰੀਰਿਕ ਕਰਕੇ ਹੀ ਇਸ ਮਹਾਨ ਸੰਸਾਰ ਦੀ ਰਚਨਾ ਕਰਨ ਦੀ ਪ੍ਰਾਪਤੀ ਰੱਖਦਾ ਹੈ।

ब्रह्माद्या देवताः सर्वा मुनयोऽपि मुमुक्षवः।

कायवन्तो हि कुर्वन्ति तपः सर्वार्थ-साधकम्।।४१।।

41. ਇੱਥੋ ਤੱਕ ਕਿ ਸਾਰੇ ਦੇਵਤੇ ਜਿਵੇਂ ਕਿ ਬ੍ਰਹਮਾਂ ਅਤੇ ਸਾਰੇ ਸੰਤ ਜਨ ਜੋ ਕਿ ਮੁਕਤੀ ਦੀ ਇੱਛਾ ਰੱਖਦੇ ਹਨ ਉਹ ਆਪਣੀ ਇਸ ਇੱਛਾ ਦੀ ਪੂਰਤੀ ਲਈ ਸਰੀਰਕ ਤਪ ਕਰਦੇ ਹਨ।

तपोहि मूलं सर्वासां सिद्धीनां यज्जगत्त्रये।

तपस्तत्कायमूलं हि तस्मात् कायं न सन्त्यजेत्।।४२।।

42. ਸ਼ਰੀਰਕ ਤਪ ਤਿੰਨਾਂ ਲੋਕਾਂ ਵਿੱਚ ਸਾਰੀਆਂ ਪ੍ਰਾਪਤੀਆਂ ਦਾ ਸਾਧਨ ਹੈ। ਤਪ ਸ਼ਰੀਰ ਤੇ ਨਿਰਭਰ ਕਰਦਾ ਹੈ। ਇਸ ਲਈ ਸਾਨੂੰ ਸ਼ਰੀਰ ਦਾ ਤਿਆਗ ਨਹੀਂ ਕਰਨਾ ਚਾਹੀਂਦਾ।

औपचारिकदेहित्वाज्जगदात्मत्वभावनात् ।

मायासम्बन्ध-राहित्यादकायो हि परः स्मृतः।।४३।।

43. ਪਰ ਅਰਥਾਤ ਸਕਾਇਆ ਪਰਾਯੋਗੀ ਉਪਚਾਰਿਕ ਰੂਪ ਵਿੱਚ ਦੇਹ ਧਾਰਨ ਕਰ ਕੇ ਸੰਸਾਰ ਨੂੰ ਆਪਣਾ ਸਵਰੂਪ ਸਮਝਣ ਅਤੇ ਦੇਹ ਮਾਇਆ ਦੇ ਸਬੰਧਤ ਰਹਿਣ ਕਰਕੇ ਅਕਾਇਆ ਮੰਨਿਆਂ ਗਿਆ ਹੈ।

परस्य देहयोगेऽपि न देहाश्रयविक्रिया।

शिवस्येव यतस्तस्मादकायोऽयं प्रकीर्तितः।।४४।।

44. ਜਿਸ ਤਰ੍ਹਾਂ ਸ਼ਿਵ ਦੇ ਪਰ ਹੋਣ ਦੇ ਕਾਰਨ ਉਸ ਵਿੱਚ ਦੇਹ ਸਬੰਧੀ ਵਿਕਾਰ ਨਹੀਂ ਹੁੰਦੇ ਉਸੇ ਤਰ੍ਹਾਂ ਪਰ ਅਰਥਾਤ ਸ਼ਿਵਸਵਰੂਪ ਹੋਏ ਯੋਗੀ ਦੇ ਦੇਹ ਧਾਰਨ ਕਰਨ ਤੇ ਵੀ

ਸ਼ਰੀਰ ਦੇ ਦੁਆਰਾ ਸੰਪੰਨ ਹੋਣ ਵਾਲੀਆਂ ਕਿਰਿਆਵਾਂ ਦਾ ਸੰਸਕਾਰਰੂਪ ਵਿਕਾਰ ਨਹੀਂ ਹੁੰਦਾ, ਇਸ ਕਰਕੇ ਇਸ ਯੋਗੀ ਨੂੰ ਵੀ ਅਕਾਇਆ ਕਿਹਾ ਗਿਆ ਹੈ।

परलिङ्गे विलीनस्य परमानन्दचिन्मये।

कुतो देहेन सम्बन्धो? देहिवद् भासनं भ्रमः।।४५।।

45. ਪਰਮ ਆਨੰਦ ਸਵਰੂਪ ਅਰਥਾਤ ਪਰਮਸ਼ਿਵ ਵਿੱਚ ਵਿਲੀਨ ਯੋਗੀ ਦਾ ਦੇਹ ਦੇ ਨਾਲ ਕਿੱਥੇ ਰਹਿ ਜਾਂਦਾ ਹੈ। ਜੋ ਉਹ ਦੇਹਧਾਰੀ ਵਿਖਾਈ ਦਿੰਦਾ ਹੈ ਉਹ ਭਰਮ ਹੈ।

देहाभिमानहीनस्य शिवभावे स्थितात्मनः।

जगदेतच्छरीरं स्याद् देहेनैकेन का व्यथा?।।४६।।

46. ਦੇਹ ਤੋਂ ਰਹਿਤ ਯੋਗੀ ਲਈ ਇਹ ਸਾਰਾ ਸੰਸਾਰ ਹੀ ਉਸਦਾ ਸ਼ਰੀਰ ਹੁੰਦਾ ਹੈ ਫਿਰ ਇੱਕ ਦ੍ਰਿਸਮਾਨ ਵਿਅਕਤੀਗਤ ਸ਼ਰੀਰ ਤੋਂ ਕੀ ਹਾਨੀ ਤੇ ਕੀ ਲਾਭ?

शिवज्ञानैकनिष्ठस्य नाहङ्कारभवभ्रमः।

न चेन्द्रियभवं दुःखं त्यक्तदेहाभिमानिनः।।४७।।

47. ਅੁਸ ਪਰਾਯੋਗੀ ਦੇ ਸਬੰਧ ਵਿੱਚ ਜੋ ਸ਼ਿਵ ਨਾਲ ਇਕਮਿਕ ਹੋਣ ਵਾਲੇ ਗਿਆਨ ਨਾਲ ਬੱਧਾ ਹੁੰਦਾ ਹੈ ਅਤੇ ਜਿਸ ਨੇ ਪੂਰੀ ਤਰ੍ਹਾਂ ਸ਼ਰੀਰਕ ਤਿਆਗ ਕਰ ਦਿੱਤਾ ਹੁੰਦਾ ਹੈ ਤਾਂ ਉਸ ਦੇ ਅਭਿਮਾਨ ਵਿੱਚੋ ਭਰਮ ਪੈਦਾ ਨਹੀਂ ਹੋ ਸਕਦਾ ਅਤੇ ਉਸ ਦੀਆਂ ਗਿਆਨ ਇੰਦਰੀਆਂ ਵਿੱਚੋਂ ਵੀ ਕੋਈ ਦੁੱਖ ਪੈਦਾ ਨਹੀਂ ਹੋ ਸਕਦਾ।

न मनुष्यो न देवोऽहं न यक्षो नैव राक्षसः।

शिवोऽहमिति यो बुद्ध्यात् तस्य किं देहकर्मणा?।।४८।।

48. ਜੋ ਇਹ ਸੋਚਦੇ ਹਨ, "ਮੈ ਇਨਸਾਨ ਨਹੀਂ ਹਾਂ, ਦੇਵਤਾ ਨਹੀਂ ਹਾਂ, ਯਕਸ਼ ਨਹੀਂ ਹਾਂ ਜਾਂ ਦਾਨਵ ਨਹੀਂ ਹਾਂ ਪਰੰਤੂ ਮੈਂ ਸ਼ਿਵ ਹਾਂ" ਉਹਨਾਂ ਦੇ ਸੰਦਰਭ ਵਿੱਚ ਸਰੀਰਕ ਕਿਰਿਆਵਾਂ ਦਾ ਕੀ ਲਾਭ?

वशीकृतत्वात् प्रकृतेर्मायामार्गातिवर्तनात्।

परकायोऽयमाख्यातः सत्यज्ञानसुखात्मकः।।४९।।

49. ਕਿਉਂਕਿ ਉਸ ਨੇ ਪ੍ਰਕਿਰਤੀ ਤੇ ਜਿੱਤ ਪ੍ਰਾਪਤ ਕਰ ਲਈ ਹੁੰਦੀ ਹੈ ਅਤੇ ਮਾਇਆ ਦੇ ਰਸਤੇ ਨੂੰ ਵੀ ਪਾਰ ਕਰ ਲਿਆ ਹੁੰਦਾ ਹੈ, ਉਹ ਪਰਾਯੋਗੀ ਜੋ ਸੱਚਾਈ, ਗਿਆਨ ਅਤੇ ਆਸ਼ੀਸ਼ ਦੇ ਸੁਭਾਅ ਵਾਲਾ ਹੁੰਦਾ ਹੈ, ਉਸ ਨੂੰ 'ਪਰਾਕਾਇਆ' ਕਹਿੰਦੇ ਹਨ(ਜੋ ਸਰਵਉਚ ਸ਼ਕਤ ਵਿੱਚ ਬਿਰਾਜਮਾਨ ਹੁੰਦਾ ਹੈ)।

परब्रह्मवपुर्यस्य प्रबोधानन्दभासुरम्।

प्राकृतेन शरीरेण किमेतेनास्य जायते?।।५०।।

50. ਜਿਸਦਾ ਪ੍ਰਕਿਰਤ ਬੋਧ ਅਰਥਾਤ ਪਰ ਗਿਆਨ ਅਤੇ ਆਨੰਦ ਨਾਲ ਸ਼ਰੀਰ ਪਾਰਬ੍ਰਹਮਸਵਰੂਪ ਹੋ ਗਿਆ ਹੁੰਦਾ ਹੈ ਉਸ ਨੂੰ ਪ੍ਰਕਿਰਿਤੀ ਦੇ ਤੱਤਾਂ ਦੁਆਰਾ ਉਤਪਨ ਇਹ ਸ਼ਰੀਰ ਦਾ ਕੀ ਲਾਭ?

सम्यग्-ज्ञानाग्नि-सन्दग्ध-जन्मबीजकलेबरः।

शिवतत्त्वावलम्बी यः परकायः स उच्यते।।५१।।

51. ਜਿਸਦੇ ਸ਼ਰੀਰ ਦੇ ਜਨਮ ਦਾ ਬੀਜ ਸਹੀ ਗਿਆਨ ਦੀ ਅਗਨੀ ਨਾਲ ਖਤਮ ਹੋ ਗਿਆ ਹੋਵੇ ਅਤੇ ਜੋ ਸਿਰਫ ਸ਼ਿਵਾ ਦੇ ਸਿਧਾਂਤਾਂ ਤੇ ਨਿਰਭਰ ਕਰਦਾ ਹੋਵੇ ਉਸ ਨੂੰ 'ਪਰਾਕਾਇਆ' ਕਹਿੰਦੇ ਹਨ।

इन्द्रियाणि मनोवृत्तिवासनाः कर्मसम्भवाः।

यत्र यान्ति लयं तेन सकायोऽयं परात्मना।।५२।।

52. ਕਰਮ ਦੇ ਦੁਆਰਾ ਉਤਪਨ ਮਾਨਸਿਕ ਭਾਵਨਾਵਾਂ, ਸੰਸਕਾਰ ਅਤੇ ਇੰਦਰੀਆਂ ਜਿਸ ਵਿੱਚ ਲੀਨ ਹੋ ਜਾਂਦੀਆਂ ਹਨ, ਉਸਨੂੰ ਪਰਮਾਤਮਾਂ ਦੇ ਕਾਰਣ ਸਕਾਇਆ ਕਿਹਾ ਜਾਂਦਾ ਹੈ(ਜਾਂ ਸਕਾਇਆ ਹੋ ਜਾਂਦਾ ਹੈ)।

पराहन्तामनुप्राप्य पश्येद्विश्वं चिदात्मकम्।

सदेहोऽतिभ्रमस्तस्य निश्चिता शिवात्मता।।५३।।

53. ਆਪਣੇ ਆਪ ਵਿੱਚ ਸਵੈ ਦੇ ਸਰਵਉਚ ਸਿਧਾਂਤ ਨੂੰ ਪ੍ਰਾਪਤ ਕਰ ਕੇ ਉਹ ਇਨਸਾਨ ਸ਼ਿਸ਼ਟੀ ਨੂੰ ਚੇਤਨਤਾ ਦੇ ਸੁਭਾਅ ਦੀ ਮੰਨਦਾ ਹੈ। ਉਸਦਾ ਸ਼ਿਵ ਦੇ ਸੁਭਾਅ ਜਿਹਾ ਹੋ ਜਾਣਾ ਨਿਸਚਿਤ ਹੁੰਦਾ ਹੈ ਅਤੇ ਉਸ ਨੂੰ ਸ਼ਰੀਰਕ ਰੂਪ ਵਿੱਚ ਦੇਖਣਾਂ ਇੱਕ ਭਰਮ ਹੁੰਦਾ ਹੈ।

स्वस्वरूपं चिदाकारं ज्योतिः साक्षाद्विचिन्तयन्।

देहवानपि निर्देहो जीवन्मुक्तो हि साधकः।।५४।।

54. ਆਪਣੇ ਆਪ ਨੂੰ ਜਾਂ ਆਪਣੇ ਆਕਾਰ ਨੂੰ ਚੇਤਨਤਾ ਦੇ ਸੁਭਾਅ ਦਾ ਪ੍ਰਕਾਸ਼ ਸਮਝਣ ਵਾਲਾ ਪਰਾਯੋਗੀ ਆਪਣੇ ਸ਼ਰੀਰ ਹੋਣ ਦੇ ਬਾਵਜੂਦ ਸੰਪੂਰਣ ਹੋਣ ਵਾਲੇ ਨੂੰ ਹੀ ਅਸਲ ਵਿੱਚ ਜੀਵਨਮੁਕਤ ਕਹਿੰਦੇ ਹਨ।

देहस्तिष्ठतु वा यातु योगिनः स्वात्मबोधिनः।

जीवन्मुक्तिर्भवेत् सद्यश्चिदानन्दप्रकाशिनी।।५५।।

55. ਸ਼ਰੀਰ ਚਾਹੇ ਰਹੇ ਜਾਂ ਚਲਿਆ ਜਾਵੇ ਉਸ ਯੋਗੀ ਦਾ ਜੀਵਨਮੁਕਤ, ਸਵੈ-ਅਨੁਭਵ ਵਾਲਾ ਅਤੇ ਚੇਤਨਤਾ ਦੀ ਆਸ਼ੀਸ਼ ਪ੍ਰਾਪਤ ਹੋਣਾਂ ਤੈਅ ਹੁੰਦਾ ਹੈ।

आत्मज्ञानावसानं हि संसारपरिपीडनम्।

सूर्योदयेऽपि किं लोकास्तिमिरेणोपरुद्ध्यते?।।५६।।

56. ਇਸ ਧਰਤੀ ਤੇ ਆਪਣੀ ਹੋਂਦ ਦਾ ਮਾਮੂਲੀਕਰਣ ਸਵੈ-ਗਿਆਨਵਾਨ ਹੋਣ ਤੱਕ ਹੀ ਸਥਾਈ ਹੁੰਦਾ ਹੈ, ਕੀ ਸੂਰਜ ਚੜ੍ਹਨ ਤੋਂ ਬਾਅਦ ਵੀ ਇਹ ਸੰਸਾਰ ਹਨੇਰੇ ਵਿੱਚ ਰਹਿ ਸਕਦਾ ਹੈ?

देहाभिमाननिर्मुक्तः कलातीतपदाश्रयः।

कथं याति परिच्छेदं शरीरेषु महाबुधः?।।५७।।

57. ਇੱਕ ਮਹਾਨ ਪ੍ਰਕਾਸ਼ਵਾਨ ਵਿਅਕਤੀ ਜੋ ਕਿ ਸ਼ਰੀਰ ਦੇ ਘਮੰਡ ਤੋਂ ਪੂਰੀ ਤਰ੍ਹਾਂ ਮੁਕਤ ਹੋ ਚੁੱਕਿਆ ਹੋਵੇ ਅਤੇ ਜੋ 'ਕਾਲ' ਤੋਂ ਪਰ੍ਹੇ ਦੀ ਸਥਿਤੀ ਵਿੱਚ ਪਹੁੰਚ ਚੁੱਕਿਆ ਹੋਵੇ ਉਹ ਕਿਸ ਤਰ੍ਹਾਂ ਸਰੀਰ ਦੀਆਂ ਕਮੀਆਂ ਅੱਗੇ ਝੁਕ ਸਕਦਾ ਹੈ।

तस्यैव परकायस्य समाचारो य इष्यते।

स धर्मः सर्वलोकानामुपकाराय कल्प्यते।।५८।।

58. ਇਸੇ ਤਰ੍ਹਾਂ ਹੀ ਪਰਾਕਾਇਆ ਯੋਗੀ ਦਾ ਜੋ ਆਚਰਣ ਹੁੰਦਾ ਹੈ ਉਸ ਨੂੰ ਕਰਮ ਕਿਹਾ ਜਾਂਦਾ ਹੈ। ਅਜਿਹਾ ਧਰਮ ਸਾਰੇ ਲੋਕਾਂ ਦਾ ਉਪਕਾਰ ਕਰਨ ਦੇ ਸਮਰਥ ਹੁੰਦਾ ਹੈ।

अहिंसा सत्यमस्तेयं ब्रह्मचर्यं दया क्षमा।

दानं पूजा जपो ध्यानमिति धर्मस्य सङ्ग्रहः।।५९।।

59. ਅਹਿੰਸਾ, ਸੱਚ, ਚੋਰੀ ਨਾ ਕਰਨਾ, ਬ੍ਰਹਮਚਾਰਿਆ, ਦਇਆ, ਖਿਮਾਂ, ਦਾਨ, ਪੂਜਾ, ਜਪ, ਧਿਆਨ ਆਦਿ ਇਹ ਧਰਮ ਦਾ ਸੰਗ੍ਰਿਹ ਹੈ।

शिवेन विहितो यस्मादागमैर्धर्मसङ्ग्रहः।

तस्मात्तमाचरन् विद्वान् तत्प्रसादाय कल्प्यते।।६०।।

60. ਕਿਉਂਕਿ ਆਗਮ ਸ਼ਾਸ਼ਤਰਾਂ ਨੇ ਸ਼ਿਵ ਦੁਆਰਾ ਦੱਸੇ ਗਏ ਧਰਮ ਸੰਗ੍ਰਿਹ ਦਾ ਵਰਣਨ ਅਤੇ ਉਪਦੇਸ਼ ਦਿੱਤਾ ਹੈ ਇਸ ਲਈ ਉਸ ਦਾ ਆਚਰਣ ਰੱਖਣ ਵਾਲਾ ਵਿਅਕਤੀ ਜਾਂ ਵਿਦਵਾਨ ਸ਼ਿਵ ਨੂੰ ਪ੍ਰਸੰਨ ਕਰਨ ਦੇ ਸਮਰਥ ਹੁੰਦਾ ਹੈ।

अधर्मं न स्पृशेत् किञ्चिद् विहितं धर्ममाचरेत्।

तं च कामविनिर्मुक्तं तमपि ज्ञानपूर्वकम्।।६१।।

61. ਸਾਨੂੰ ਕਿਸੇ ਵੀ ਤਰ੍ਹਾਂ ਦੀ ਅਧਰਮ ਵਾਲੀ ਗਤੀਵਿਧੀ ਨਹੀਂ ਕਰਨੀ ਚਾਹੀਦੀ, ਸਿਰਫ ਧਾਰਮਿਕ ਗਤੀਵਿਧੀ ਹੀ ਕਰਨੀ ਚਾਹੀਂਦੀ ਹੈ ਅਤੇ ਇਹ ਬਿਨਾਂ ਕਿਸੇ ਇੱਛਾ ਦੇ ਕਰਨੀ ਚਾਹੀਂਦੀ ਹੈ ਅਤੇ ਗਿਆਨ ਦੀ ਸਹਾਇਤਾ ਨਾਲ ਹੀ ਕਰਨੀਂ ਚਾਹੀਂਦੀ ਹੈ।

आत्मवत् सर्वभूतानि संपश्येद्योगवत्तमः।

जगदेवात्मताभावान्निग्रहादिविरोधतः ।।६२।।

62. ਯੋਗੀਆਂ ਵਿੱਚ ਮਹਾਨ ਯੋਗੀ(ਪਰਾਕਾਇਆਯੋਗੀ) ਹਮੇਸ਼ਾ ਹਰ ਚੀਜ਼ ਵਿੱਚ ਆਪਣੇ ਆਪ ਨੂੰ ਵੇਖਦਾ ਹੈ ਅਤੇ ਕਿਸੇ ਤਰ੍ਹਾਂ ਦੀ ਅਧੀਨਗੀ ਵਿੱਚ ਨਾ ਅਤਉਂਦਾ ਹੋਇਆ ਸੰਸਾਰ ਨੂੰ ਇੱਕ ਰੂਪ(ਪਰਮਾਤਮਾਂ ਰੂਪ) ਵਿੱਚ ਹੀ ਦੇਖਦਾ ਹੈ।

एक एव शिवः साक्षाज्जगदेतदिति स्फुटम्।

पश्यतः किं न जायेत ममकारो हि विभ्रमः।।६३।।

63. ਜੋ ਇਸ ਸੰਸਾਰ ਨੂੰ ਸਿਰਫ ਸ਼ਿਵਰੂਪ ਹੀ ਸਮਝਦਾ ਹੈ ਉਸ ਦੁਆਰਾ ਕੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ? 'ਮੈਂ' ਵਾਲਾ ਵਿਚਾਰ ਸਿਰਫ ਇੱਕ ਭਰਮ ਹੈ।

धर्म एव समस्तानां यतः संसिद्धिकारणम्।

निःस्पृहोऽपि महायोगी धर्ममार्गं च न त्यजेत्।।६४।।

64. ਕਿਉਂਕਿ ਧਰਮ ਹੀ ਸਾਰੀਆਂ ਸਿੱਧੀਆਂ ਦਾ ਕਾਰਣ ਹੁੰਦਾ ਹੈ ਇਸ ਲਈ ਯੋਗੀ ਨੂੰ ਚਾਹੀਂਦਾ ਹੈ ਕਿ ਸਾਰੀਆਂ ਇੱਛਾਵਾਂ ਦਾ ਤਿਆਗ ਕਰ ਕੇ ਵੀ ਧਰਮ ਦਾ ਰਾਸਤਾ ਨਾ ਛੱਡੇ।

ज्ञानामृतेन तृप्तोऽपि योगी धर्मं न सन्त्यजेत्।

आचारं महतां दृष्टा प्रवर्तन्ते हि लौकिकाः।।६५।।

65. ਗਿਆਨ ਦੇ ਅੰਮ੍ਰਿਤ ਨਾਲ ਤ੍ਰਿਪਤ ਯੋਗੀ ਨੂੰ ਵੀ ਧਰਮ ਦਾ ਤਿਆਗ ਨਹੀਂ ਕਰਨਾ ਚਾਹੀਂਦਾ ਕਿਉਂਕਿ ਵੱਡੇ ਲੋਕਾਂ ਦਾ ਵਿਵਹਾਰ ਦੀਆਂ ਉਦਾਹਰਣਾਂ ਦੇਖਕੇ ਹੀ ਆਮ ਲੋਕ ਸਿੱਖਦੇ ਹਨ।

सदाचारप्रियः शम्भुः सदाचारेण पूजयेत्।

सदाचारं विना तस्य प्रसादो नैव जायते।।६६।।

66. ਸਦਾਚਾਰ ਵਾਲ ਸ਼ਿਵ ਦੀ ਸਦਾਚਾਰ ਨਾਲ ਹੀ ਪੂਜਾ ਕੀਤੀ ਜਾਂਦੀ ਹੈ। ਸ਼ਿਵ ਬਿਨਾਂ ਸਦਾਚਾਰ ਦੇ ਪ੍ਰਸੰਨ ਨਹੀਂ ਹੁੰਦੇ।

भाव एवास्य सर्वेषां भावचारः प्रकीर्तितः।

भावो मानसचेष्टात्मा परिपूर्णः शिवाश्रयः।।६७।।

67. ਸ਼ਿਵਯੋਗੀ ਦੀਆਂ ਸ਼ਿਵਭਾਵ(ਸ਼ਿਵ ਦੇ ਵਿਸ਼ਵਾਸ਼) ਵਾਲੀਆਂ ਮਾਨਸਿਕ ਕਿਰਿਆਵਾਂ ਨੂੰ 'ਭਾਵਾਚਾਰ' ਕਿਹਾ ਗਿਆ ਹੈ। ਭਾਵ ਪੂਰੀ ਤਰ੍ਹਾਂ ਪਰਿਪੱਕ ਅਤੇ ਸ਼ਿਵ ਨੂੰ ਆਸ਼ਰਿਤ ਕਰ ਕੇ ਕੀਤੀ ਗਈ ਮਾਨਸਿਕ ਕਿਰਿਆ ਹੁੰਦੀ ਹੈ।

भावनाविहितं कर्म पावनादपि पावनम्।

तस्माद्भावनया युक्तं परधर्मं समाचरेत्।।६८।।

68. ਭਾਵਨਾਂ ਦੇ ਨਾਲ ਕੀਤੇ ਕਰਮ ਪਵਿੱਤਰ ਤੋਂ ਵੀ ਪਵਿੱਤਰ ਹੁੰਦੇ ਹਨ। ਇਸ ਲਈ ਸਾਨੂੰ ਸ਼ਿਵਭਾਵਨਾਂ ਨਾਲ ਯੁਕਤ ਪਰਧਰਮ ਦਾ ਆਚਰਣ ਕਰਨਾ ਚਾਹੀਂਦਾ ਹੈ।

भावेन हि मनः शुद्धिर्भावशुद्धिश्च कर्मणा।

इति सञ्चित्य मनसा योगी भावं न सन्त्यजेत्।।६९।।

69. ਭਾਵ ਦੁਆਰਾ ਮਨ ਦੀ ਸ਼ੁੱਧੀ ਹੁੰਦੀ ਹੈ ਅਤੇ ਭਾਵ ਦੀ ਸ਼ੁੱਧੀ ਕਰਮ ਨਾਲ ਹੁੰਦੀ ਹੈ। ਅਜਿਹੀ ਸੋਚ ਰੱਖਦੇ ਹੋਏ ਯੋਗੀ ਨੂੰ ਕਦੇ ਵੀ ਬਾਵ ਦਾ ਤਿਆਗ ਨਹੀਂ ਕਰਨਾ ਚਾਹੀਂਦਾ।

शिवभावनया सर्वं नित्यनैमित्तिकादिकम्।

कुर्वन्नपि महायोगी गुणदोषैर्न बाध्यते।।७०।।

70. ਮਹਾਂਯੋਗੀ ਸ਼ਿਵਭਾਵਨਾਂ ਦੇ ਨਾਲ ਸਾਰੇ ਨੈਤਿਕ ਅਤੇ ਹੋਰ ਕੰਮ ਕਰਦਾ ਹੋਇਆ ਵੀ ਉਹਨਾਂ ਕਰਮਾਂ ਦੇ ਗੁਣਾਂ ਅਤੇ ਦੋਸ਼ਾਂ ਦੁਆਰਾ ਪ੍ਰਭਾਵਿਤ ਨਹੀਂ ਹੁੰਦਾ।

अन्तः प्रकाशांमनस्य संवित्सूर्यस्य सन्ततम्।

भावेन यदुपस्थानं तत्सन्ध्यावन्दनं विदुः।।७१।।

71. ਆਪਣੇ ਅੰਦਰ ਪ੍ਰਕਾਸ਼ਵਾਨ ਚੇਤਨਤਾ ਰੂਪੀ ਸੂਰਜ ਦਾ ਸ਼ਿਵਭਾਵਨਾਂ ਦੁਆਰਾ ਨਿਰੰਤਰ ਜੋ ਉਦੇ ਹੈ ਵਿਦਵਾਨ ਲੋਕ ਉਸ ਨੂੰ ਸੰਧਿਆ ਦਾ ਵੰਦਨ ਕਹਿੰਦੇ ਹਨ।

आत्मज्योतिषि सर्वेषां विषयाणां समर्पणम्।

अन्तर्मुखेन भावेन होमकर्मेति गीयते।।७२।।

72. ਚੇਤਨਤਾ ਦੀ ਅਗਨੀ ਵਿੱਚ ਅੰਦਰ ਝਾਤ ਮਾਰਦੇ ਹੋਏ ਆਪਣੀਆਂ ਗਿਆਨ ਇੰਦਰੀਆਂ ਦੀ ਉਪਜ ਨੂੰ ਪਾਉਣ ਨੂੰ 'ਹੋਮ ਕਰਮ' ਕਿਹਾ ਜਾਂਦਾ ਹੈ।

भावयेत् सर्वकर्माणि नित्यनैमित्तिकानि च।

शिवप्रीतिकराण्येव सङ्गराहित्यसिद्धये।।७३।।

73. ਸਭ ਤਰ੍ਹਾਂ ਦੇ ਬੰਧਨਾਂ ਤੋਂ ਮੁਕਤੀ ਦੇ ਲਈ ਇੱਕ ਯੋਗੀ ਨੂੰ ਨੈਤਿਕ ਅਤੇ ਖਾਸ ਮੌਕੇ ਵਾਲੇ ਕੰਮ ਸ਼ਿਵ ਨੂੰ ਖੁਸ਼ ਰੱਖਣ ਲਈ ਹੀ ਕਰਨੇ ਚਾਹੀਂਦੇ ਹਨ।

शिवे निवेश्य सकलं कार्याकार्यं विवेकतः।

वर्तते यो महाभागः स सङ्गरहितो भवेत्।।७४।।

74. ਜੋ ਮਹਾਨ ਇਨਸਾਨ ਬਿਨਾਂ ਕਿਸੇ ਪੱਖਪਾਤ ਤੋਂ ਆਪਣੇ ਸਾਰੇ ਚੰਗੇ ਜਾਂ ਮਾੜੇ ਕੰਮ ਸ਼ਿਵ ਨੂੰ ਸਮਰਪਿਤ ਕਰਦਾ ਹੈ ਉਹ ਸਭ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਰਹਿੰਦਾ ਹੈ।

आत्मानमखिलं वस्तु शिवमानन्दचिन्मयम्।

एकभावेन सततं सम्पश्यन्नेव पश्यति।।७५।।

75. ਇਸ ਨਿਰਪੱਖ ਸੰਸਾਰ ਨੂੰ, ਆਪਣੇ ਆਪ ਨੂੰ ਅਤੇ ਆਸ਼ੀਸ਼ ਭਰਪੂਰ ਚੇਤਨਤਾ ਨੂੰ ਵੇਖਦਾ ਹੋਇਆ ਇੱਕ ਯੋਗੀ ਹਰ ਇੱਕ ਚੀਜ਼ ਨੂੰ ਸ਼ਿਵਰੂਪ ਹੀ ਸਮਝਦਾ ਹੈ।

